# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 07 ਮਈ 2024 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਵਿਖੇ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਕੀਤਾ ਗਿਆ ਸਨਮਾਨਿਤ।

ਵਰਲਡ ਪੰਜਾਬੀ ਟਾਈਮਜ਼ ਪਵਨ ਗੁਪਤਾ





ਅਹਿਮਦਗੜ੍ਹ 7 ਮਈ : ਨੇੜਲੇ ਪਿੰਡ ਪੱਖੋਵਾਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇਸਕੂਲ ਦੇ ਪੋਜ਼ੀਸ਼ਨ ਹੋਲਡਰ ਵਿਦਿਆਰਥੀਆਂ ਲਈ ਸਨਮਾਨ ਸਮਾਗਮ ਕਰਵਾਇਆ ਗਿਆ। ਛੇਵੀਂ ਤੋਂ ਬਾਰਵੀਂ ਤੱਕ ਦੇ ਕਰੀਬ 30 ਵਿਦਿਆਰਥੀਆਂ ਨੂੰ ਰਿਟਾਇਰਡ ਲੈਕਚਰਾਰ ਸਰਦਾਰ ਜਗਮੇਲ ਸਿੰਘ ਓਹਨਾਂ ਦੇ ਪਰਿਵਾਰਿਕ ਮੈਂਬਰ, ਪ੍ਰਿੰਸੀਪਲ ਜਗਜੀਤ ਸਿੰਘ ਲੈਕਚਰਾਰ ਲਲਿਤ ਗੁਪਤਾ ਗੁਰਜੈਪਾਲ ਸਿੰਘ ਆਦਿ ਵੱਲੋਂ ਸਨਮਾਨਿਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਲੈਕਚਰਰ ਲਲਿਤ ਗੁਪਤਾ ਅਤੇ ਲੈਕਚਰਰ ਗੁਰਜੈਪਾਲ ਸਿੰਘ ਨੇ ਦੱਸਿਆ ਕਿ ਸਕੂਲ ਦੇ ਛੇਵੀਂ ਤੋਂ ਬਾਰਵੀਂ ਤੱਕ ਦੇ ਫਸਟ ਸੈਕਿੰਡ ਅਤੇ ਥਰਡ ਪੋਜੀਸ਼ਨ ਪ੍ਰਾਪਤ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਕਾਪੀਆਂ ਰਜਿਸਟਰ ਅਤੇ ਪੈਨ ਦੇ ਕੇ ਸਰਦਾਰ ਜਗਮੇਲ ਸਿੰਘ ਅਤੇ ਪਰਿਵਾਰਿਕ ਮੈਂਬਰਾਂ ਵੱਲੋਂ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ ਅਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਲੈਕਚਰਾਰ ਗਗਨਦੀਪ ਕੌਰ ਨੇ ਸਰਦਾਰ ਜਗਮੇਲ ਸਿੰਘ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਦੱਸਿਆ ਕਿ ਕਿਵੇਂ ਉਹਨਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੋਵਾਲ ਵਿਖੇ ਬਤੌਰ ਵਿਦਿਆਰਥੀ ਪੜ੍ਹਾਈ ਕੀਤੀ ਅਤੇ ਫਿਰ ਇਸੇ ਹੀ ਸਕੂਲ ਵਿੱਚ ਉਹਨਾਂ ਨੂੰ ਬਤੌਰ ਲੈਕਚਰਰ ਅਰਥਸ਼ਾਸਤਰ ਵਜੋਂ ਪੜ੍ਹਾਉਣ ਦਾ ਮੌਕਾ ਮਿਲਿਆ। ਸਰਦਾਰ ਜਗਜੀਤ ਸਿੰਘ ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਇੰਚਾਰਜ ਜਗਜੀਤ ਸਿੰਘ ਲੈਕਚਰਾਰ ਲਲਿਤ ਗੁਪਤਾ( ਭੌਤਿਕ ਵਿਗਿਆਨ) ਗੁਰਜੈਪਾਲ ਸਿੰਘ (ਲੈਕਚਰਾਰ ਅਰਥਸ਼ਾਸਤਰ) ਲੈਕਚਰਾਰ ਗਗਨਦੀਪ ਕੌਰ ਨਰਿੰਦਰ ਬਾਲਾ ਲਖਬੀਰ ਸਿੰਘ ਪਰਮਿੰਦਰ ਪਾਲ ਸਿੰਘ ਅਮਨਦੀਪ ਕੌਰ ਲੈਕਚਰਾਰ ਰਮਨ ਰਾਣੀ ਮਾਸਟਰ ਗੁਰਪ੍ਰੀਤ ਸਿੰਘ ਸ਼ਿਵਾਨੀ ਗੁਪਤਾ ਜੂਨੀਅਰ ਸਹਾਇਕ ਰਵਿੰਦਰ ਸਿੰਘ ਸ ਇੰਦਰਜੀਤ ਸਿੰਘ ਸੁਰਿੰਦਰ ਪਾਲ ਕੌਰ ਮਨਦੀਪ ਕੌਰ ਗੁਰਪ੍ਰੀਤ ਕੌਰ ਸ਼ਸ਼ੀ ਬਾਲਾ ਰਮਨਦੀਪ ਕੌਰ ਮੁਖਪ੍ਰੀਤੀ ਕੌਰ ਕੁਲਵਿੰਦਰ ਕੌਰ ਕੈਂਪਸ ਮੈਨੇਜਰ ਗੁਰਸੇਵਕ ਸਿੰਘ ਕਮਲਦੀਪ ਕੌਰ ਸਮੂਹ ਸਟਾਫ਼ ਮੈਬਰ ਅਤੇ ਵਿਦਿਆਰਥੀ ਹਾਜ਼ਰ ਸਨ। ਮੰਚ ਸੰਚਾਲਕ ਦੀ ਭੂਮਿਕਾ ਲੈਕਚਰਾਰ ਗਗਨਦੀਪ ਕੌਰ ਨੇ ਬਾਖੂਬੀ ਨਿਭਾਈ। ਫੋਟੋ ਅਤੇ ਵੇਰਵਾ _ ਪੁਜੀਸ਼ਨ ਹੋਲਡਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਸਰਦਾਰ ਜਗਮੇਲ ਸਿੰਘ , ਪ੍ਰਿੰਸੀਪਲ ਜਗਜੀਤ ਸਿੰਘ ਲੈਕਚਰਰ ਗੁਰਜੈਪਾਲ ਸਿੰਘ ਲੈਕਚਰਾਰ ਲਲਿਤ ਗੁਪਤਾ ਅਤੇ ਹੋਰ।

## ਦਸਮੇਸ਼ ਪਬਲਿਕ ਸਕੂਲ ਵਿਖੇ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 7 ਮਈ : ਸਥਾਨਕ ਦਸਮੇਸ਼ ਪਬਲਿਕ ਆਪਣੀਆਂ ਵੱਖ-ਵੱਖ ਗਤੀਵਿਧੀਆਂ ਕਰਕੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਗਗਨਦੀਪ ਕੌਰ ਬਰਾੜ ਦੀ ਸੁਯੋਗ ਅਗਵਾਈ ਅਧੀਨ ਸਕੂਲ ਵਿੱਚੋਂ ਦਸਵੀਂ ਜਮਾਤ ਦੇ ਹੈੱਡ ਬੁਆਏ ਅਗਮਜੋਤ ਸਿੰਘ ਤੇ ਹੈੱਡ ਗਰਲ ਅਰਸ਼ਮੀਤ ਕੌਰ ਨੂੰ ਬਹੁਸੰਮਤੀ ਨਾਲ ਚੁਣਿਆ ਗਿਆ। ਬੱਚਿਆਂ ਨੂੰ ਇਸ ਗਤੀਵਿਧੀ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ ਜਿਸ ਦੌਰਾਨ ਬੱਚਿਆਂ ਨੇ ਜਮਾਤਾਂ ਵਿੱਚ ਜਾ-ਜਾ ਕੇ ਆਪਣੀ-ਆਪਣੀ ਪਾਰਟੀ ਦਾ ਪ੍ਰਚਾਰ ਕੀਤਾ। ਸਾਰੀ ਗਤੀਵਿਧੀ ਉਸੇ ਤਰ੍ਹਾਂ ਕੀਤੀ ਗਈ ਜਿਵੇਂ ਅਸਲ ਵਿੱਚ ਚੋਣਾਂ ਦੌਰਾਨ ਉਮੀਦਵਾਰ ਦੀ ਚੋਣ ਕੀਤੀ ਜਾਂਦੀ ਹੈ।




ਬੱਚਿਆਂ ਨੇ ਈ.ਵੀ.ਐੱਮ ਮਸ਼ੀਨ ਦੀ ਵਰਤੋਂ ਅਤੇ ਉਹਨਾਂ ਦੇ ਮੌਲਿਕ ਅਧਿਕਾਰਾਂ ਬਾਰੇ ਜਾਣਕਾਰੀ ਹਾਸਲ ਕੀਤੀ। ਮਿਤੀ 04.05.2024 ਦਿਨ ਸ਼ਨੀਵਾਰ ਨੂੰ ਚੁਣੇ ਗਏ ਵਿਦਿਆਰਥੀਆਂ ਅਤੇ ਚਾਰੇ ਹਾਊਸਾਂ ਦੀ ਕੈਬਨਿਟ ਨੇ ਸਹੁੰ ਚੁੱਕ ਸਮਾਗਮ ਵਿੱਚ ਹਿੱਸਾ ਲਿਆ। ਇਸ ਮੌਕੇ ਬੱਚਿਆਂ ਨੇ ਕਵਿਤਾ, ਭਾਸ਼ਨ ਅਤੇ ਡਾਂਸ ਪੇਸ਼ ਕੀਤੇ। ਮੰਚ ਦਾ ਸੰਚਾਲਨ ਮਨਤੇਗ ਸਿੰਘ ਅਤੇ ਤਨਿਸ਼ਕਾ ਨੇ ਕੀਤਾ। ਗਤੀਵਿਧੀ ਇੰਚਾਰਜ ਹਰਨੂਰ ਸਿੰਘ ਤੇ ਅਨੁਸ਼ਾਸਨ ਇੰਚਾਰਜ ਆਰਈਏਨ ਮੈਦਾਨ ਤੇ ਸੁਖਰੀਤ ਕੌਰ ਨੂੰ ਚੁਣਿਆ ਗਿਆ। ਸਕੂਲ ਪ੍ਰਿੰਸੀਪਲ ਸ੍ਰੀਮਤੀ ਗਗਨਦੀਪ ਕੌਰ ਬਰਾੜ ਤੇ ਸੀਨੀਅਰ ਵਿਭਾਗ ਦੇ ਕੋਆਰਡੀਨੇਟਰ ਗਗਨਦੀਪ ਸਿੰਘ ਬਰਾੜ ਨੇ ਚੁਣੇ ਗਏ ਬੱਚਿਆਂ ਨੂੰ ਸਨਮਾਨਿਤ ਕੀਤਾ। ਉਹਨਾਂ ਨੇ ਕਿਹਾ ਕਿ ਹਾਊਸ ਕੈਬਨਿਟ ਸਕੂਲ ਦੇ ਵੱਖ-ਵੱਖ ਕੰਮਾਂ ਵਿੱਚ ਅਨੁਸ਼ਾਸ਼ਨ ਅਤੇ ਵਧੀਆ ਕਾਰਗੁਜ਼ਾਰੀ ਨਾਲ ਆਪਣੇ ਜੌਹਰ ਵਿਖਾਵੇਗੀ। ਸਕੂਲ ਪ੍ਰਿੰਸੀਪਲ ਨੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਤੇ ਉਹਨਾਂ ਨੂੰ ਤਿਆਰੀ ਕਰਵਾਉਣ ਵਾਲੇ ਸਮਾਜਿਕ ਸਿੱਖਿਆ ਵਿਭਾਗ ਦੀਆਂ ਅਧਿਆਪਕਾਵਾਂ ਸ਼੍ਰੀਮਤੀ ਕੰਚਨ, ਸ਼੍ਰੀਮਤੀ ਜਗਦੀਪ ਕੌਰ, ਸ਼੍ਰੀਮਤੀ ਅਨੁਰਾਧਾ, ਸ਼੍ਰੀਮਤੀ ਮਧੂ, ਸ਼੍ਰੀਮਤੀ ਕਵਿਤਾ, ਸ਼੍ਰੀਮਤੀ ਰਜਨੀ ਸਿਦਾਨਾ ਅਤੇ ਡੀ.ਪੀ.ਈ. ਤਰਨਜੀਤ ਸਿੰਘ ਬਰਾੜ ਤੇ ਬਲਜਿੰਦਰ ਸਿੰਘ ਨੂੰ ਵਧਾਈ ਦਿੱਤੀ ਤੇ ਹੱਲਾ-ਸ਼ੇਰੀ ਦਿੰਦੇ ਹੋਏ ਭਵਿੱਖ ਵਿੱਚ ਇਸੇ ਤਰ੍ਹਾਂ ਹੋਰ ਗਤੀਵਿਧੀਆਂ ਕਰਵਾਉਣ ਲਈ ਪ੍ਰੇਰਿਆ।

## || ਕਾਲਾ ਸੱਚ ||



ਡਰੀ ਤੇ ਸਹਿਮੀ ਹੋਈ ਇੱਕ ਦਮ,
ਚੁੱਪ ਬੈਠੀ ਹੋਈ ਸੀ ਉਹ।।
ਇੰਝ ਜਾਪੇ ਜਿਵੇਂ ਕਿਸੇ ਦੀ,
ਦਹਿਸ਼ਤ ਦਾ ਸ਼ਿਕਾਰ ਹੋਈ ਹੋਵੇ।।

ਮੇਰੇ ਪੈਰਾਂ ਦੀ ਖੜਾਕ ਸੁਣ ਉੱਠ,
ਕੇ ਖੜ੍ਹੀ ਹੋ ਗਈ ਸੀ ਉਹ।।
ਇੰਝ ਜਾਪੇ ਜਿਵੇਂ ਕਿਸੀ ਜਖ਼ਮੀ
ਸ਼ੇਰਨੀ ਨੂੰ ਛੇੜ ਦਿੱਤਾ ਹੋਵੇ।।

ਮੇਰੇ ਕੁੱਝ ਪੁੱਛਣ ਤੋਂ ਪਹਿਲਾਂ ਹੀ,
ਉੱਠ ਕੇ ਤੁਰ ਪਈ ਸੀ ਉਹ।।
ਇੰਝ ਜਾਪੇ ਜਿਵੇਂ ਉਹ ਮੇਰੇ ਆਦਮੀ,
ਹੋਣ ਤੋਂ ਹੀ ਡਰ ਰਹੀ ਹੋਵੇ।।
ਮੇਰੇ ਉੱਚੀ ਅਵਾਜ਼ ਵਿੱਚ ਪੁੱਛਣ ਤੇ,
ਜਵਾਬ ਦੇ ਗਈ ਸੀ ਉਹ।।
ਇੰਝ ਜਾਪੇ ਜਿਵੇਂ ਤੂੰ ਵੀ ਮੇਰੇ ਜਿਸਮ,
ਨੂੰ ਨੋਚਣ ਆਇਆ ਹੋਵੇ।।

ਸੁਣ "ਸੂਦ ਵਿਰਕ" ਸਿਆਂ ਕਿਉਂ ਜੋ,
ਮੈਂ ਅੱਗ ਦੀ ਲਾਟ ਹਾਂ ਉਹ।।
ਜਿਹਦੀ ਮਜਬੂਰੀ ਦਾ ਪੂਰਾ ਫਾਇਦਾ,
ਉਠਾਉਂਦੇ ਹੋ ਤੁਸੀਂ ਲੋਕ।।

ਜਿਹਦੇ ਨਾਲ ਆਪਣੇ ਜਿਸਮਾਂ ਦੀ,
ਭੱਖ ਮਿਟਾਉਂਦੇ ਹੋ ਤੁਸੀਂ ਲੋਕ।।
ਦਿਨ ਦੇ ਉਜਾਲੇ ਚ ਵੇਸਵਾ ਕਹਿ
ਮੂੰਹ ਫੇਰਦੇ ਹੋ ਤੁਸੀਂ ਲੋਕ।।

ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸੂਦ ਵਿਰਕ

## ਅਤਿਆਚਾਰ ਨਹੀਂ ਰਹਿਮ ਕਰੋ

ਚਿੜੀਆਂ ਦੀ ਚੀਂ ਚੀਂ ਕਿੰਨਾ ਸਕੂਨ ਦਿੰਦੀ
ਡਿੱਗੇ ਹੋਏ ਨੂੰ ਉੱਠ ਕੇ ਲੜਣ ਦਾ ਜਨੂਨ ਦਿੰਦੀ

ਇਨਾ ਸੋਹਣੀਆਂ ਪ੍ਰਜਾਤੀਆਂ ਨੂੰ ਤਬਾਹ ਨਾ ਕਰੋ
ਪਿੰਜਰੇ ਚ ਰੱਖ ਕੇ ਗੁਮਨਾਹ ਨਾ ਕਰੋ।

ਇਹ ਨਾ ਹੀ ਰੁਕਦੀਆਂ ਵਿੱਚ ਤੂਫਾਨਾਂ ਦੇ
ਕਿੰਨੇ ਜੌਹਰ ਦਿਖਾਉਂਦੀਆਂ ਆਪਣੀਆਂ ਉਡਾਨਾਂ ਦੇ


ਇਨਾ ਚਿੜੀਆਂ ਨੂੰ ਕੈਦ ਨਾ ਕਰੋ
ਦਾਣਾ ਨਹੀਂ ਦੇਣਾ ਤਾਂ ਜਹਿਰ ਨਾ ਧਰੋ

ਇਨਾ ਬੇਜ਼ਬਾਨਾਂ ਲਈ
ਪਿਆਰ ਕਰਨ ਦੇ ਮਕਸਦ ਨੂੰ ਅਹਿਮ ਕਰੋ
ਇਹਨਾਂ ਤੇ ਅਤਿਆਚਾਰ ਨਹੀਂ ਰਹਿਮ ਕਰੋ



ਵਰਲਡ ਪੰਜਾਬੀ ਟਾਈਮਜ਼ ਗਗਨਦੀਪ ਸਿੰਘ ਢਿੱਲੋਂ

## ਨਰਪਾਲ ਸਿੰਘ ਸ਼ੇਰਗਿੱਲ ਦਾ 'ਸਿੱਖ ਸੰਸਾਰ-2024' ਦੁਨੀਆ ਦੀ ਪਰਕਰਮਾ




ਵਰਲਡ ਪੰਜਾਬੀ ਟਾਈਮਜ਼ ਉਜਾਗਰ ਸਿੰਘ

ਨਰਪਾਲ ਸਿੰਘ ਸ਼ੇਰਗਿੱਲ ਪਿਛਲੇ 58 ਸਾਲਾਂ ਤੋਂ ਸਿੱਖ ਵਿਚਾਰਧਾਰਾ 'ਤੇ ਪਹਿਰਾ ਦਿੰਦਾ ਹੋਇਆ ਲਗਾਤਾਰ ਸੰਸਾਰ ਦੇ ਗੁਰਦੁਆਰਾ ਸਾਹਿਬਾਨ ਦੀ ਪਰਕਰਮਾ ਕਰਦਾ ਆ ਰਿਹਾ ਹੈ। ਉਹ ਸਿੱਖ ਜਗਤ ਦੀ ਸੋਚ ਦਾ ਮੁੱਦਈ ਬਣਕੇ ਸਮੁੱਚੇ ਸੰਸਾਰ ਵਿੱਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਯਤਨਸ਼ੀਲ ਹੈ। ਜਿਸ ਦੇਸ਼ ਵਿੱਚ ਵੀ ਪੰਜਾਬੀ/ਸਿੱਖ ਵਸ ਰਹੇ ਹਨ, ਨਰਪਾਲ ਸਿੰਘ ਸ਼ੇਰਗਿੱਲ ਸਿੱਖ ਧਰਮ ਦਾ ਪੈਰੋਕਾਰ ਹੋਣ ਕਰਕੇ ਉਥੇ ਪਹੁੰਚਕੇ ਪੰਜਾਬੀਆਂ/ਸਿੱਖਾਂ ਨੂੰ ਭਵਿਖ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਪ੍ਰਸਥਿਤੀਆਂ ਬਾਰੇ ਸੁਚੇਤ ਰਹਿਣ ਲਈ ਆਗਾਹ ਕਰਦਾ ਹੈ। ਸਿੱਖ ਹਿੱਤਾਂ ਦਾ ਪਹਿਰੇਦਾਰ ਹੋਣ ਕਰਕੇ ਹਮੇਸ਼ਾ ਸਿੱਖੀ ਵਿਚਾਰਧਾਰਾ ਨੂੰ ਸੰਸਾਰ ਵਿੱਚ ਵਸਦੇ ਇਕੱਲੇ ਸਿੱਖ ਜਗਤ ਨੂੰ ਹੀ ਨਹੀਂ ਸਗੋਂ ਸੰਸਾਰ ਦੇ ਹਰ ਵਿਅਕਤੀ ਨੂੰ ਭਾਵੇਂ ਉਹ ਕਿਸੇ ਵੀ ਸਮੁਦਾਇ ਨਾਲ ਸੰਬੰਧਤ ਹੋਵੇ ਉਸਨੂੰ ਸਿੱਖ ਵਿਚਾਰਧਾਰਾ ਨਾਲ ਜੋੜਨ ਲਈ ਤੱਤਪਰ ਰਹਿੰਦਾ ਹੈ। ਸਿੱਖ ਸੰਕਲਪ ਦੀ ਪਹਿਰੇਦਾਰੀ ਦੀਆਂ ਯੋਜਨਾਵਾਂ ਉਸ ਦੇ ਮਨ ਦੇ ਚਿਤਰਪੱਟ ਵਿੱਚ ਉਸਲਵੱਟੇ ਲੈਂਦੀਆਂ ਰਹਿੰਦੀਆਂ ਹਨ। ਸਮਰੱਥ ਅਤੇ ਸੂਝਵਾਨ ਅੰਤਰਰਾਸ਼ਟਰੀ ਪੱਤਰਕਾਰ ਹੋਣ ਕਰਕੇ ਸਿੱਖੀ ਸੋਚ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੀਆਂ ਹਰਕਤਾਂ ਦੀ ਉਸ ਨੂੰ ਪਹਿਲਾਂ ਹੀ ਸੂਹ ਮਿਲ ਜਾਂਦੀ ਹੈ, ਜਿਸ ਕਰਕੇ ਉਹ ਹਮੇਸ਼ਾ ਅਜਿਹੀਆਂ ਸਥਿਤੀਆਂ ਨਾਲ ਨਿਪਟਣ ਲਈ ਚੇਤੰਨ ਅਤੇ ਉਦਮਸ਼ੀਲ ਰਹਿੰਦਾ ਹੈ। ਵਰਤਮਾਨ ਪ੍ਰਸਿਥਿਤੀਆਂ ਤੋਂ ਉਸ ਨੂੰ ਭਵਿਖ ਦੀਆਂ ਵੰਗਾਰਾਂ ਦੀ ਅਗਾਊਂ ਜਾਣਕਾਰੀ ਮਹਿਸੂਸ ਹੋ ਜਾਂਦੀ ਹੈ। ਫਿਰ ਉਹ ਟਿਕ ਕੇ ਨਹੀਂ ਬਹਿ ਸਕਦਾ ਤੇ ਸੰਸਾਰ ਦੀ ਪਰਕਰਮਾ ਕਰਨ ਲਈ ਤਤਪਰ ਹੋ ਜਾਂਦਾ ਹੈ। ਇਕੱਲਾ ਇਕੱਹਿਰਾ ਵਿਅਕਤੀ ਹੀ ਉਹ ਸਿੱਖੀ ਦਾ ਹੋਕਾ ਦੇਣ ਲਈ ਸਰਗਰਮ ਰਹਿੰਦਾ ਹੋਇਆ ਆਪਣਾ ਝੋਲਾ ਚੁੱਕਕੇ ਦੇਸ਼ ਵਿਦੇਸ਼ ਦੀ ਪਰਕਰਮਾ ਕਰਨ ਲਈ ਜਹਾਜੇ ਜਾ ਚੜ੍ਹਦਾ ਹੈ। ਉਸ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਹੜੇ ਦੇਸ਼ ਦੇ ਕਿਸ ਸ਼ਹਿਰ ਵਿੱਚ ਸਿੱਖੀ ਦੀ ਅਲਖ ਜਗਾਈ ਬੈਠਾ ਹੁੰਦਾ ਹੈ। ਸਵੇਰੇ ਬਰੇਕ ਫਾਸਟ ਕਿਤੇ ਦਪਹਿਰੇ ਕਿਤੇ ਅਤੇ ਸ਼ਾਮ ਨੂੰ ਕਿਸੇ ਹੋਰ ਠਿਕਾਣੇ 'ਤੇ ਵਿਚਾਰ ਚਰਚਾ ਕਰ ਰਿਹਾ ਹੁੰਦਾ ਹੈ। ਉਸ ਨੂੰ ਕਈ ਵਾਰ ਕਿਹਾ ਕਿ ਸਿੱਖ ਧਰਮ ਦੀ ਹੋਂਦ ਤੋਂ ਲੋਕ ਅਵੇਸਲੇ ਹੋਏ ਬੈਠੇ ਹਨ, ਆਪੋ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੇ ਰਹਿੰਦੇ ਹਨ, ਤੁਸੀਂ ਮਸਤ ਰਹੋ। ਅੱਗੋਂ ਉਸ ਦਾ ਜਵਾਬ ਹੁੰਦਾ ਹੈ, ਮੈਂ ਆਪਣਾ ਯੋਗਦਾ ਪਾਉਂਦਾ ਰਹਾਂਗਾ ਅੱਗੇ ਲੋਕਾਂ ਦੀ ਮਰਜ਼ੀ ਹੈ, ਜਿਤਨੀ ਦੇਰ ਵਾਗ੍ਰਿਰੂ ਨੇ ਸਮਰੱਥਾ ਦਿੱਤੀ, ਉਤਨੀ ਦੇਰ ਮੈਂ ਸਿੱਖ ਧਰਮ ਦਾ ਪ੍ਰਚਾਰਕ ਬਣਕੇ ਵਿਚਰਦਾ ਰਹਾਂਗਾ।

ਉਹ ਆਪਣੇ ਕੰਮ ਦੀ ਸਿੱਖ ਸੰਸਥਾਵਾਂ ਨਾਲ ਤੁਲਨਾ ਨਹੀਂ ਕਰਦਾ ਪ੍ਰੰਤੂ ਉਸ ਦਾ ਕੰਮ ਸਿੱਖ ਸੰਸਥਾਵਾਂ ਦੇ ਅਮਲੇ ਫੈਲੇ ਨਾਲੋਂ ਕਿਤੇ ਵਧੇਰੇ ਹੈ। ਹਾਂ ਉਸ ਨੂੰ ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਸਿੱਖ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਜ਼ਰੂਰ ਹੋ ਰਹੀਆਂ ਹਨ। ਸਿੱਖ ਲੀਡਰਸ਼ਿਪ ਦੀ ਆਪਣੇ ਧਰਮ ਪ੍ਰਤੀ ਵਰਤੀ ਜਾ ਰਹੀ ਲਾਪ੍ਰਵਾਹੀ ਉਸ ਨੂੰ ਚਿੰਤਾ ਵਿੱਚ ਡੋਬ ਦਿੰਦੀ ਹੈ। ਸਿੱਖੀ ਦੀ ਪ੍ਰਫੁਲਤਾ ਦੇ ਸੁਨਹਿਰੇ ਭਵਿਖ ਦੇ ਸਪਨੇ ਸਿਰਜਕੇ ਉਹ ਜਿਥੇ ਵੀ ਕਿਤੇ ਉਸ ਨੂੰ ਸਿੱਖੀ ਦੀ ਜੋਤ ਜਗਦੀ ਨਜ਼ਰ ਆਉਂਦੀ ਹੈ, ਉਹ ਤੁਰੰਤ ਉਥੇ ਪਹੁੰਚਕੇ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਉਹ ਪੰਜਾਬੀ/ਸਿੱਖ ਸਭਿਆਚਾਰ, ਵਿਰਾਸਤ ਅਤੇ ਧਰਮ ਦੀਆਂ ਧਰੋਹਰਾਂ ਦੀ ਜਾਣਕਾਰੀ ਦੇਣ ਦੀ ਕੋਸ਼ਿਸ਼ ਵਿੱਚ ਜੁਟਿਆ ਰਹਿੰਦਾ ਹੈ। ਉਸ ਦਾ ਮੁੱਖ ਮੰਤਵ ਸਿੱਖ ਧਰਮ ਦੀ ਵਿਚਾਰਧਾਰਾ ਦੀ ਮਹਿਕ ਨੂੰ ਸੰਸਾਰ ਵਿੱਚ ਫੈਲਾਉਣਾ ਹੈ। ਸਿੱਖ ਵਿਚਾਰਧਾਰਾ ਦੀ ਪ੍ਰਫੁੱਲਤਾ ਲਈ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਅਤੇ ਕੁਝ ਵਿਅਕਤੀ ਨਿੱਜੀ ਤੌਰ 'ਤੇ ਉਪਰਾਲੇ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਨਰਪਾਲ ਸਿੰਘ ਸ਼ੇਰਗਿੱਲ ਉਨ੍ਹਾਂ ਵਿੱਚ ਮੋਢੀ ਦੇ ਰੂਪ ਵਿੱਚ ਸ਼ਾਮਲ ਹੈ, ਜਿਨ੍ਹਾਂ ਦੇ ਸਦਕਾ ਸਮੁੱਚੇ ਸੰਸਾਰ ਵਿੱਚ ਸਿੱਖੀ ਦਾ ਬੋਲ ਬਾਲਾ ਹੋ ਰਿਹਾ ਹੈ। ਨਰਪਾਲ ਸਿੰਘ ਸ਼ੇਰਗਿੱਲ ਦਾ ਸਿੱਖੀ ਸੋਚ ਨੂੰ ਸੰਗਠਤ ਰੂਪ ਵਿੱਚ ਉਦਮ ਕਰਕੇ ਨਿਵੇਕਲੇ ਢੰਗ ਨਾਲ ਇਤਿਹਾਸ ਦਾ ਹਿੱਸਾ ਬਣਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ। ਉਸ ਇਕੱਲੇ ਇਕੱਹਿਰੇ ਵਿਅਕਤੀ ਦਾ ਯੋਗਦਾਨ ਉਨ੍ਹਾਂ ਸੰਸਥਾਵਾਂ ਨਾਲੋਂ ਵੱਖਰਾ ਅਤੇ ਵਧੇਰੇ ਸਾਰਥਿਕ ਹੈ। ਵਰਤਮਾਨ ਇੰਟਰਨੈਟ ਅਤੇ ਸ਼ੋਸ਼ਲ ਮੀਡੀਆ ਦੇ ਯੁਗ ਵਿੱਚ ਨਰਪਾਲ ਸਿੰਘ ਸ਼ੇਰਗਿੱਲ ਦਾ ਪ੍ਰਿੰਟ ਮੀਡੀਆ ਰਾਹੀਂ ਯੋਗਦਾਨ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ ਕਿਉਂਕਿ ਪ੍ਰਿੰਟ ਹੋਈ ਚੀਜ਼ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀ ਹੈ। ਸਿੱਖ ਜਗਤ ਭਾਵੇਂ ਕਈ ਖੇਤਰਾਂ ਵਿੱਚ ਸੰਸਾਰ ਵਿੱਚ ਨਾਮਣਾ ਖੱਟ ਰਿਹਾ ਹੈ ਪ੍ਰੰਤੂ ਅਜੇ ਤੱਕ ਵੀ ਸਮੁੱਚੇ ਸੰਸਾਰ ਦੇ ਲੋਕਾਂ ਨੂੰ ਸਿੱਖੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਿੱਚ ਅਸਫਲ ਰਿਹਾ ਹੈ, ਜਿਸ ਕਰਕੇ ਸਿੱਖਾਂ ਨਾਲ ਪ੍ਰਵਾਸ ਵਿੱਚ ਨਸਲੀ ਵਿਤਕਰੇ ਵਰਗੀਆਂ ਘਟਨਾਵਾਂ ਹੋ ਰਹੀਆਂ ਹਨ। ਇਸ ਲਈ ਵਰਤਮਾਨ ਸਮੇਂ ਵਿੱਚ ਸਿੱਖ ਜਗਤ ਦੀ ਮੁੱਢਲੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਸਿੱਖ ਧਰਮ ਦੀ ਵਿਚਾਰਧਾਰਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਬਾਰੇ ਸਾਰੇ ਸੰਸਾਰ ਨੂੰ ਜਾਣੂੰ ਕਰਵਾਉਣ। ਵੈਸੇ ਤਾਂ ਨਰਪਾਲ ਸਿੰਘ ਸ਼ੇਰਗਿੱਲ ਇਸ ਪਾਸੇ ਪਿਛਲੇ 58 ਸਾਲਾਂ ਤੋਂ ਕੰਮ ਕਰ ਰਿਹਾ ਹੈ ਪ੍ਰੰਤੂ ਉਸ ਦਾ 'ਸਿੱਖ ਸੰਸਾਰ-2024' ਇਸ ਮੰਤਵ ਲਈ ਨਿਵੇਕਲਾ ਉਦਮ ਹੈ। ਉਸ ਨੇ ਆਪਣੀ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀ ਇਸ ਪੁਸਤਕ ਵਿੱਚ ਸਿੱਖ ਧਰਮ ਦੀ ਸਥਾਪਨਾ ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ, ਪੰਜਾਂ ਤਖ਼ਤਾਂ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਹੈ। ਸ਼ੋਸ਼ਲ ਮੀਡੀਆ ਕਰਕੇ ਅੱਜ ਕਲ੍ਹ ਲੋਕ ਬਹੁਤੀਆਂ ਲੰਬੀਆਂ ਚੌੜੀਆਂ ਪੁਸਤਕਾਂ ਪੜ੍ਹਨ ਵਿੱਚ ਦਿਲਚਸਪੀ ਨਹੀਂ ਰੱਖਦੇ, ਇਸ ਲਈ ਨਰਪਾਲ ਸਿੰਘ ਸ਼ੇਰਗਿੱਲ ਨੇ 'ਸਿੱਖ ਸੰਸਾਰ-2024' ਵਿੱਚ ਸੰਖੇਪ ਪ੍ਰੰਤੂ ਬਹੁਤ ਹੀ ਸਾਰਥਿਕ ਜਾਣਕਾਰੀ ਮੁਹੱਈਆ ਕਰਵਾਈ ਹੈ ਤਾਂ ਜੋ ਸੰਸਾਰ ਦੇ ਲੋਕ ਸਿੱਖ ਧਰਮ ਦੀਆਂ ਹੋਰ ਧਰਮਾਂ ਨਾਲੋਂ ਵਿਲੱਖਣਤਾਵਾਂ ਬਾਰੇ ਜਾਣੂੰ ਹੋ ਸਕਣ। ''ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰਦੁਆਰਜ਼ ਐਂਡ ਸਿੱਖ ਆਰਗਨਾਈਜੇਸ਼ਨਜ਼ 2024'' ਪੁਸਤਕ ਦੇ ਦਿਲਕਸ਼ ਮੁੱਖ ਕਵਰ ਉਪਰ ਸ੍ਰੀ ਹਰਿਮੰਦਰ ਸਾਹਿਬ ਦੀ ਰੰਗਦਾਰ ਤਸਵੀਰ ਪ੍ਰਕਾਸ਼ਤ ਕੀਤੀ ਗਈ ਹੈ। ਪੁਸਤਕ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਦੀ ਕੋਈ ਭੂਮਿਕਾ ਨਹੀਂ ਲਿਖੀ ਗਈ ਸਗੋਂ ਸਿੱਧਾ ਹੀ ਪੁਸਤਕ ਦੇ ਪਹਿਲੇ ਪੰਨੇ 'ਤੇ ਦਸ ਗੁਰੂ ਸਾਹਿਬਾਨ ਦੀਆਂ ਰੰਗਦਾਰ ਤਸਵੀਰਾਂ ਅਤੇ ਨਾਲ ਹੀ ਸਿੱਖ ਧਰਮ ਦੇ ਸ਼ੁਰੂ ਹੋਣ ਦਾ ਸਮਾਂ ਅਤੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ। ਉਸ ਤੋਂ ਬਾਅਦ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਕਰਕੇ ਦਸ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਦੇ ਕੇ ਉਸ ਨੂੰ ਗੁਰੂ ਦੇ ਤੌਰ 'ਤੇ ਮੰਨਣ ਲਈ ਕਿਹਾ ਗਿਆ ਹੈ। ਅਗਲੇ ਭਾਗ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਰੰਗਦਾਰ ਤਸਵੀਰ ਦੇ ਨਾਲ ਪੂਰੀ ਜਾਣਕਾਰੀ ਦਿੱਤੀ ਗਈ ਹੈ ਕਿ ਕਦੋਂ ਉਸਾਰਿਆ ਗਿਆ ਅਤੇ ਇਸ ਦੀ ਉਸਾਰੀ ਵਿੱਚ ਕਿਸਦਾ ਕੀ ਯੋਗਦਾਨ ਸੀ? ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤਸਾਜ਼ੀ ਦੀ ਮਹੱਤਤਾ ਬਾਰੇ ਵੀ ਦੱਸਿਆ ਗਿਆ ਹੈ। ਇਸ ਤੋਂ ਬਾਅਦ ਸਿੱਖ ਧਰਮ ਦੇ ਪੰਜਾਂ ਤਖ਼ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਰੰਗਦਾਰ ਤਸਵੀਰ, ਇਸ ਦੀ ਸਥਾਪਨਾ ਦਾ ਮੰਤਵ ਅਤੇ ਭਗਤੀ ਤੇ ਸ਼ਕਤੀ ਦੇ ਸਿੰਬਲ ਦੇ ਤੌਰ 'ਤੇ ਦਰਸਾਇਆ ਗਿਆ ਹੈ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ ਬਠਿੰਡਾ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ ਸਾਹਿਬ), ਤਖ਼ਤ ਸ੍ਰੀ ਹਰਿਮੰਦਰ ਹੀ (ਸ੍ਰੀ ਪਟਨਾ ਸਾਹਿਬ) ਅਤੇ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਅੰਗਰੇਜ਼ੀ ਵਿੱਚ ਇਸ ਕਰਕੇ ਪ੍ਰਕਾਸ਼ਤ ਕਰਵਾਈ ਹੈ ਤਾਂ ਸੰਾਸਰ ਵਿੱਚ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਪੁਸਤਕ ਦਾ ਨਾਮ ਅੰਗਰੇਜ਼ੀ ਵਿੱਚ 'ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰਦਵਾਰਾਜ ਐਂਡ ਸਿੱਖ ਆਰਗੇਨਾਈਜੇਸ਼ਨਜ਼ 2024 ਰੱਖਿਆ ਗਿਆ ਹੈ। ਇਸ ਪੁਸਤਕ ਨੂੰ ਨਰਪਾਲ ਸਿੰਘ ਸ਼ੇਰਗਿੱਲ 'ਸਿੱਖ ਸੰਸਾਰ-2024' ਇਸ ਲਈ ਕਹਿੰਦਾ ਹੈ ਕਿਉਂਕਿ ਇਸ ਪੁਸਤਕ ਵਿੱਚ ਸਿੱਖ ਧਰੋਹਰਾਂ ਅਤੇ ਸੰਸਾਰ ਦੇ ਮਹੱਤਵਪੂਰਨ ਗੁਰੂ ਘਰਾਂ ਦੀ ਜਾਣਕਾਰੀ ਦਿੱਤੀ ਗਈ ਹੈ। ਸੰਸਾਰ ਦੇ 43 ਦੇਸ਼ਾਂ ਅਤੇ ਭਾਰਤ ਦੇ 2238 ਮਹੱਤਵ ਪੂਰਨ ਗੁਰਦੁਆਰਾ ਸਾਹਿਬਾਨ ਦੇ ਅਲਫਾਬੈਟਿਕਲੀ ਨਾਮ, ਪਤੇ, ਟੈਲੀਫ਼ੋਨ ਅਤੇ ਈ.ਮੇਲ ਐਡਰੈਸ ਦਿੱਤੇ ਗਏ ਹਨ। ਇਨ੍ਹਾਂ ਵਿੱਚ 580 ਗੁਰਦੁਆਰਾ ਸਾਹਿਬ ਸੰਸਾਰ ਦੇ 43 ਦੇਸ਼ਾਂ, ਭਾਰਤ ਦੇ ਪੰਜਾਬ ਨੂੰ ਛੱਡ ਕੇ ਬਾਕੀ ਸੂਬਿਆਂ ਵਿੱਚ 1378 ਗੁਰੂ ਘਰ ਸਥਾਪਤ ਹਨ। ਪੰਜਾਬ ਤੇ ਚੰਡੀਗੜ੍ਹ ਦੇ 290 ਗੁਰੂ ਘਰਾਂ ਦੇ ਬਾਰੇ ਵੀ ਦੱਸਿਆ ਗਿਆ ਹੈ। ਪੰਜਾਬ ਦੇ ਬਾਕੀ ਗੁਰੂ ਘਰਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਨਰਪਾਲ ਸਿੰਘ ਸ਼ੇਰਗਿੱਲ ਨੇ 'ਸਿੱਖ ਸੰਸਾਰ-2024' ਇੱਕ ਅਜਿਹਾ ਦਸਤਾਵੇਜ ਬਣਾ ਦਿੱਤਾ ਹੈ, ਜਿਸ ਤੋਂ ਸੰਸਾਰ ਦੇ ਗੁਰੂ ਘਰਾਂ ਦੀ ਸੰਪੂਰਨ ਜਾਣਕਾਰੀ ਉਪਲਭਧ ਹੋਵੇਗੀ। ਵਾਹਿਗੁਰੂ ਉਸ ਨੂੰ ਲੰਬੀ ਤੇ ਸਿਹਤਮੰਦ ਉਮਰ ਬਖ਼ਸ਼ੇ ਤਾਂ ਜੋ ਉਹ ਸਿੱਖ ਵਿਚਾਰਧਾਰਾ ਨੂੰ ਸਮੁੱਚੇ ਸਸੰਾਰ ਵਿੱਚ ਪਹੁੰਚਾਉਣ ਦੇ ਕਾਰਜ ਵਿੱਚ ਸਫਲਤਾ ਪ੍ਰਾਪਤ ਕਰ ਸਕੇ।

## ਬਚਪਨ ਦੀਆਂ ਮੌਜਾਂ

ਬਚਪਨ ਹੁੰਦਾ ਮਸਤੀ ਵਾਲਾ, ਕੀ ਬਚਪਨ ਦਾ ਕਹਿਣਾ।
ਜੋ ਚਾਹੁੰਦੇ ਹਾਂ ਖਾਂਦੇ ਪੀਂਦੇ, ਮਨ-ਮਰਜ਼ੀ ਨਾਲ ਰਹਿਣਾ।
ਬਚਪਨ ਦੇ ਵਿੱਚ ਸਭ ਨੂੰ ਹੈ, ਹਰ ਕੋਈ ਪਿਆਰ ਕਰੇਂਦਾ।
ਜੋ ਕੋਈ ਵੀ ਚੀਜ਼ ਹਾਂ ਮੰਗਦੇ, ਝੱਟ ਲਿਆ ਕੇ ਦੇਂਦਾ।
ਖੇਡਣ-ਮੱਲਣ ਦੀ ਉਮਰ ਹੈ ਹੁੰਦੀ, ਨਾ ਕੋਈ ਚਿੰਤਾ ਝੋਰਾ।
ਕਿੱਦਾਂ ਘਰ ਦੇ ਕਰਨ ਕਮਾਈ, ਫ਼ਿਕਰ ਨਾ ਹੋਵੇ ਭੋਰਾ।
ਜੇ ਕੋਈ ਸਾਡੀ ਗੱਲ ਨਾ ਮੰਨੇ, ਝੱਟ ਅਸੀਂ ਰੁੱਸ ਜਾਈਏ।
ਦੂਜੇ ਦੀ ਨਾ ਸੁਣੀਏ, ਕੇਵਲ ਆਪਣੀ ਜ਼ਿੱਦ ਪੁਗਾਈਏ।
ਵੱਡੇ ਹੋ ਕੇ ਹਰ ਇੱਕ ਦੇ ਸਿਰ, ਪੈਂਦੀ ਜ਼ਿੰਮੇਵਾਰੀ।
ਨੇਮਬੱਧ ਹੋ ਜਾਵੇ ਜੀਵਨ, ਭੁੱਲਦੀ ਮਸਤੀ ਸਾਰੀ।
ਦਿਨ ਉਹ ਬਚਪਨ ਵਾਲੇ ਲੋਕੋ, ਕਿੰਨੇ ਹੋਣ ਸੁਹਾਣੇ।
ਦੁੱਧ ਦਹੀਂ ਮੱਖਣ ਚੱਟ ਜਾਂਦੇ, ਭਾਂਤ-ਭਾਂਤ ਦੇ ਖਾਣੇ।
ਬਚਪਨ ਦਾ ਇਹ ਵੇਲਾ ਮਿੱਤਰੋ, ਮੁੜ ਕੇ ਫ਼ੇਰ ਨਾ ਆਵੇ।
ਕਰ-ਕਰ ਯਾਦ ਓਸ ਸਮੇਂ ਨੂੰ, ਹਰ ਕੋਈ ਪਛਤਾਵੇ।





ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

## ਲੋਕ ਨੁਮਾਇੰਦੇ ਕਿਸ ਤਰਾਂ ਦੇ ਹੋਣ ?

ਵਰਲਡ ਪੰਜਾਬੀ ਟਾਈਮਜ਼
ਰਵਿੰਦਰ ਸਿੰਘ ਸੋਢੀ

ਲੋਕ ਰਾਜ ਦਾ ਭਾਵ ਹੀ ਹੈ ਲੋਕਾਂ ਦਾ ਰਾਜ। ਲੋਕ ਰਾਜ ਭਾਵੇਂ ਕਿਸੇ ਕਿਸਮ ਦਾ ਵੀ ਹੋਵੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੁਆਰਾ ਹੀ ਚਲਾਇਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਲੋਕ ਨੁਮਾਇੰਦੇ ਜਿੰਨੇ ਵੀ ਕਾਬਲ, ਦੂਰ ਅੰਦੇਸ਼ੀ, ਮਿਹਨਤੀ ਅਤੇ ਆਪਣੇ ਚੁਣਨ ਵਾਲੇ ਲੋਕਾਂ ਪ੍ਰਤੀ ਵਫ਼ਾਦਾਰ ਹੋਣਗੇ, ਉਤਨੇ ਹੀ ਉਹ ਆਪਣੇ ਦੇਸ ਦੀ ਆਮ ਜਨਤਾ ਲਈ ਭਲਾਈ ਵਾਲੇ ਕੰਮ ਕਰਨਗੇ। ਇਸ ਦੇ ਨਾਲ ਹੀ ਇਹ ਵੀ ਦੇਖਣ ਵਾਲੀ ਗੱਲ ਹੁੰਦੀ ਹੈ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਆਪਣੀ ਚੋਣ ਕਰਨ ਵਾਲਿਆਂ ਨਾਲ ਕਿੰਨੇ ਕੁ ਸੰਪਰਕ ਵਿਚ ਰਹਿੰਦੇ ਹਨ। ਸੰਪਰਕ ਦਾ ਇਹ ਅਰਥ ਬਿਲਕੁਲ ਨਹੀਂ ਕਿ ਉਹ ਹਰ ਚੋਣ ਕਰਤਾ ਨਾਲ ਰਾਬਤਾ ਬਣਾ ਕੇ ਰੱਖਣ। ਇਹ ਤਾਂ ਕੇਵਲ ਪਿੰਡਾਂ ਦੇ ਪੱਧਰ ਤੇ ਹੀ ਸੰਭਵ ਹੋ ਸਕਦਾ ਹੈ। ਸੂਬਿਆਂ ਦੀਆਂ ਵਿਧਾਨ ਸਭਾਵਾਂ ਜਾਂ ਕੇਂਦਰੀ ਸਰਕਾਰ ਲਈ ਚੁਣੇ ਗਏ ਉਮੀਦਵਾਰਾਂ ਲਈ ਨਹੀਂ, ਕਿਉਂ ਜੋ ਉਹਨਾਂ ਦੇ ਚੋਣ ਹਲਕੇ ਵੱਡੇ ਹੁੰਦੇ ਹਨ। ਪਰ ਫੇਰ ਵੀ ਉਹ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਚੋਣ ਹਲਕੇ ਦੇ ਲੋਕਾਂ ਨਾਲ ਮੇਲ-ਮਿਲਾਪ ਰੱਖ ਸਕਦੇ ਹਨ। ਕਿਸੇ ਖਾਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਕੇ, ਆਪਣੇ ਇਲਾਕੇ ਵਿਚ ਸਮੇਂ-ਸਮੇਂ ਕੁਝ ਲੋਕਾਂ ਨੂੰ ਮਿਲ ਕੇ, ਜਾਂ ਕਿਸੇ ਨਿਊਜ਼ ਲੈਟਰ ਰਾਹੀਂ। ਅਸਲ ਵਿਚ ਇਹ ਸਭ ਕੁਝ ਜਨ-ਪਰਤੀਨਿਧੀਆਂ ਦੀ ਸੋਚ ਤੇ ਵੀ ਨਿਰਭਰ ਕਰਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਕਿਵੇਂ ਨਿਭਾਉਣਾ ਚਾਹੁੰਦੇ ਹਨ। ਉਹਨਾਂ ਦੇ ਦੇਸ ਦਾ ਸੰਵਿਧਾਨ, ਲੋਕ ਰਾਜੀ ਪਰੰਪਰਾਵਾਂ, ਕਾਨੂੰਨ ਉਹਨਾਂ ਤੋਂ ਕੀ ਆਸ ਕਰਦਾ ਹੈ ਅਤੇ ਸਭ ਤੋਂ ਵੱਧ, ਉਥੋਂ ਦੇ ਆਮ ਲੋਕ ਕਿੰਨੇ ਕੁ ਜਾਗਰੂਕ ਹਨ। ਆਮ ਲੋਕਾਂ ਨੂੰ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਉਹਨਾਂ ਦੁਆਰਾ ਚੁਣੇ ਨੁਮਾਇੰਦਿਆਂ ਦਾ ਇਹ ਇਖ਼ਲਾਕੀ ਫਰਜ਼ ਹੈ ਕਿ ਉਹਨਾਂ ਦੀਆਂ ਲੋੜਾਂ ਦਾ ਆਪ ਹੀ ਧਿਆਨ ਰੱਖਣ, ਪਰ ਜੇ ਚੁਣੇ ਹੋਏ ਮੈਂਬਰ ਉਹਨਾਂ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਤਾਂ ਨਿਸ਼ਚਿਤ ਤੌਰ ਤੇ ਅਗਲੀ ਬਾਰ ਉਹ ਅਜਿਹੇ ਮੈਂਬਰ ਨੂੰ ਸਬਕ ਜਰੂਰ ਸਿਖਾ ਸਕਦੇ ਹਨ।




ਅਮਰੀਕਾ, ਕੈਨੇਡਾ ਅਤੇ ਪੱਛਮੀ ਮੁਲਕਾਂ ਵਿਚ ਸਰਕਾਰ ਚਲਾ ਰਹੀ ਜਾਂ ਵਿਰੋਧੀ ਬੈਂਚਾਂ ਤੇ ਬੈਠੇ ਮੈਂਬਰ ਆਮ ਤੌਰ ਤੇ ਆਪਣੇ-ਆਪਣੇ ਸੰਸਦੀ ਖੇਤਰਾਂ ਵਿਚ ਸੁਰੱਖਿਆ ਕਰਮਚਾਰੀਆਂ ਤੋਂ ਬਿਨਾ ਹੀ ਘੁੰਮਦੇ ਫਿਰਦੇ ਹਨ। ਜਿਆਦਾ ਸਮਾਂ ਆਪਣੇ ਦਫ਼ਤਰ ਵਿਚ ਰਹਿੰਦੇ ਹਨ। ਆਮ ਲੋਕ ਉਹਨਾਂ ਦੇ ਦਫ਼ਤਰੀ ਕਰਮਚਾਰੀਆਂ ਨਾਲ ਸੰਪਰਕ ਕਰ ਕੇ ਉਹਨਾਂ ਨੂੰ ਵਿਅਕਤੀਗਤ ਤੌਰ ਤੇ ਮਿਲਣ ਦਾ ਸਮਾਂ ਲੈ ਸਕਦੇ ਹਨ ਜਾਂ ਆਪਣੀ ਸਮੱਸਿਆਵਾਂ ਦੱਸ ਸਕਦੇ ਹਨ। ਪਰ ਕੀ ਸਾਡੇ ਦੇਸ਼ ਵਿਚ ਇਹ ਸਭ ਕੁਝ ਵਾਪਰ ਰਿਹਾ ਜਾਂ ਵਾਪਰ ਸਕਦਾ ਹੈ? ਇਹ ਇਕ ਵੱਡਾ ਸਵਾਲ ਹੈ। ਇਸ ਤੋਂ ਪਹਿਲਾਂ ਕਿ ਆਪਣੇ ਦੇਸ਼ ਦੇ ਚੁਣੇ ਨੁਮਾਇੰਦਿਆਂ ਦੀ ਗੱਲ ਕੀਤੀ ਜਾਵੇ, ਅਮਰੀਕਾ ਅਤੇ ਕੈਨੇਡਾ ਦੇ ਜਨ ਪਰਤੀਨਿਧੀਆਂ ਅਤੇ ਆਮ ਜਨਤਾ ਦੇ ਆਪਸੀ ਸੰਬੰਧਾਂ ਦੀਆਂ ਕੁਝ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕਰਨਾ ਜਰੂਰੀ ਹੈ ਜਿੰਨਾਂ ਸੰਬੰਧੀ ਇਹਨਾਂ ਸਤਰਾਂ ਦੇ ਲੇਖਕ ਨੂੰ ਵਿਅਕਤੀਗਤ ਤੌਰ ਤੇ ਜਾਣਕਾਰੀ ਹੈ।

ਪਹਿਲੀ ਘਟਨਾ 25 ਕੁ ਸਾਲ ਪੁਰਾਣੀ ਹੈ। ਪੰਜਾਬ ਦੇ ਇਕ ਪ੍ਰਸਿੱਧ ਰਿਹਾਇਸ਼ੀ ਸਕੂਲ ਦਾ ਅਮਰੀਕਾ ਦੀ ਇਕ ਯੂਨੀਵਰਸਿਟੀ ਨਾਲ ਸਮਝੌਤਾ ਹੋਇਆ ਕਿ ਯੂਨੀਵਰਸਿਟੀ ਆਏ ਸਾਲ ਉਸ ਸਕੂਲ ਦੇ ਬਾਹਰਵੀਂ ਕਲਾਸ ਦੇ ਕੁਝ ਵਿਦਿਆਰਥੀਆਂ ਦੀ ਚੋਣ ਕਰਕੇ ਅਗਲੀ ਪੜਾਈ ਲਈ ਦਾਖ਼ਲਾ ਦੇਵੇਗੀ ਅਤੇ ਕੁਝ ਸ਼ਕਾਲਰਸ਼ਿਪ ਵੀ ਦੇਵੇਗੀ। ਪਹਿਲੇ ਸਾਲ ਪੰਜ ਵਿਦਿਆਰਥੀ ਅਮਰੀਕਾ ਚਲੇ ਵੀ ਗਏ ਅਤੇ ਉਹਨਾਂ ਦਾ ਪੱਧਰ ਦੇਖ ਕੇ ਯੂਨੀਵਰਸਿਟੀ ਵੱਲੋਂ ਇਹ ਸਕੀਮ ਜਾਰੀ ਰੱਖਣ ਦੀ ਸਹਿਮਤੀ ਵੀ ਹੋ ਗਈ। ਦੂਜੇ ਸਾਲ ਪੰਜ ਵਿਦਿਆਰਥੀਆਂ ਦੀ ਚੋਣ ਕੀਤੀ ਗਈ, ਪਰ ਅਮਰੀਕਨ ਅੰਮਬੈਸੀ ਨੇ ਕਿਸੇ ਨੂੰ ਵੀ ਵੀਜ਼ਾ ਨਾ ਦਿੱਤਾ। ਵਿਜ਼ੇ ਲਈ ਇੰਟਰਵੀਊ ਲੈ ਰਹੀ ਅਫਸਰ ਨੇ ਬਹੁਤੀ ਗੱਲਬਾਤ ਕਰੇ ਬਿਨਾਂ ਹੀ ਇਸ ਮੁੱਦੇ ਤੇ ਇਨਕਾਰ ਕੀਤਾ ਕਿ ਵਿਦਿਆਰਥੀਆਂ ਦੀ ਪਰਿਵਾਰਕ ਆਰਥਿਕ ਅਵਸਥਾ ਅਮਰੀਕਾ ਦਾ ਖਰਚਾ ਝੱਲਣ ਯੋਗ ਨਹੀਂ। ਉਹਨਾਂ ਦਿਨਾਂ ਵਿਚ ਹੀ ਅਮਰੀਕਨ ਯੂਨੀਵਰਸਿਟੀ ਦਾ ਉੱਚ ਅਫਸਰ ਸੰਬੰਧਿਤ ਸਕੂਲ ਵਿਚ ਆਇਆ ਹੋਇਆ ਸੀ। ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਵੀਜ਼ਾ ਲੈਣ ਗਈ ਇਕ ਲੜਕੀ ਨੂੰ ਬੁਲਾ ਕੇ ਸਭ ਕੁਛ ਪੁੱਛਿਆ। ਉਸ ਦੀ ਗੱਲ ਸੁਣ ਕੇ ਉਸ ਨੂੰ ਮਹਿਸੂਸ ਹੋਇਆ ਕਿ ਇੰਟਰਵਿਊ ਲੈਣ ਵਾਲੀ ਵੀਜ਼ਾ ਅਫਸਰ ਦਾ ਬੱਚਿਆਂ ਪ੍ਰਤੀ ਵਿਵਹਾਰ ਠੀਕ ਨਹੀਂ ਸੀ। ਉਸ ਨੇ ਲੜਕੀ ਨੂੰ ਅੰਮਬੈਸੀ ਵਿਚ ਜੋ ਕੁਝ ਵੀ ਵਾਪਰਿਆ ਉਹ ਲਿਖਤੀ ਰੂਪ ਵਿਚ ਦੇਣ ਨੂੰ ਕਿਹਾ। ਉਹ ਰਿਪੋਰਟ ਉਸ ਨੇ ਸਕੂਲ ਦੇ ਹੈਡਮਾਸਟਰ ਦੇ ਸਾਹਮਣੇ ਹੀ ਇਕ ਖਾਲੀ ਲਿਫਾਫੇ ਵਿਚ ਬੰਦ ਕਰ ਦਿੱਤੀ। ਉਸ ਤੋਂ ਅਗਲੇ ਦਿਨ ਹੀ ਉਸ ਨੇ ਅਮਰੀਕਾ ਵਾਪਿਸ ਜਾਣਾ ਸੀ। ਅਮਰੀਕਾ ਜਾਂਦੇ ਹੀ ਉਸ ਨੇ ਆਪਣੇ ਇਲਾਕੇ ਦੇ ਐਮ ਪੀ ਨੂੰ ਮਿਲਣ ਦਾ ਸਮਾਂ ਲਿਆ ਅਤੇ ਸਾਰੀ ਗੱਲ ਦੱਸੀ ਅਤੇ ਵੀਜ਼ੇ ਲਈ ਗਈ ਲੜਕੀ ਦੀ ਰਿਪੋਰਟ ਵਾਲਾ ਬੰਦ ਲਿਫਾਫਾ ਵੀ ਐਮ ਪੀ ਨੂੰ ਫੜਾ ਦਿੱਤਾ। ਐਮ ਪੀ ਨੇ ਯੂਨੀਵਰਸਿਟੀ ਦੇ ਅਧਿਕਾਰੀ ਨੂੰ ਭਰੋਸਾ ਦਿੱਤਾ ਕਿ ਉਹ ਇਸ ਸੰਬੰਧੀ ਦਿੱਲੀ ਅੰਮਬੈਸੀ ਨਾਲ ਗੱਲ ਕਰੇਗਾ। ਹਫ਼ਤੇ ਬਾਅਦ ਹੀ ਅਮਰੀਕਨ ਅੰਮਬੈਸੀ ਵੱਲੋਂ ਉਸ ਲੜਕੀ ਨੂੰ ਫੋਨ ਆ ਗਿਆ ਕਿ ਉਹ ਆਪਣੇ ਨਾਲ ਦੇ ਸਾਥੀਆਂ ਨੂੰ ਵੀ ਦੱਸ ਦੇਵੇ ਕਿ ਨਿਸ਼ਚਿਤ ਦਿਨ 11 ਵਜੇ ਅੰਮਬੈਸੀ ਪਹੁੰਚ ਕੇ ਵੀਜ਼ਾ ਸੈਕਸ਼ਨ ਦੀ ਇੰਚਾਰਜ ਕੋਲ ਪਹੁੰਚ ਜਾਣ। ਨਿਯਤ ਦਿਨ ਉਹਨਾਂ ਵਿਦਿਆਰਥੀਆਂ ਨਾਲ ਗੱਲ ਬਾਤ ਤੋਂ ਬਾਅਦ ਸਭ ਨੂੰ ਵੀਜ਼ਾ ਦੇ ਦਿੱਤਾ ਗਿਆ ਅਤੇ ਐਮ ਪੀ ਨੂੰ ਰਿਪੋਰਟ ਭੇਜੀ ਗਈ ਕਿ ਪੰਜੇ ਵਿਦਿਆਰਥੀ ਵੀਜ਼ੇ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

ਦੂਜੀ ਘਟਨਾ ਵੀ ਅਮਰੀਕਾ ਦੀ ਹੀ ਹੈ। ਇਕ ਪੰਜਾਬੀ ਲੜਕਾ(ਇਹਨਾਂ ਸਤਰਾਂ ਦੇ ਲੇਖਕ ਦੀ ਜਾਣ ਪਹਿਚਾਣ ਵਾਲਾ) ਅਮਰੀਕਾ ਪੜਾਈ ਲਈ ਗਿਆ ਹੋਇਆ ਸੀ। ਪੜਾਈ ਪੂਰੀ ਕਰਨ ਬਾਅਦ ਉਸ ਨੇ ਇਕ ਗੋਰੀ ਨਾਲ ਵਿਆਹ ਕਰਵਾ ਲਿਆ। ਕੁਝ ਦੇਰ ਬਾਅਦ ਉਸ ਨੇ ਆਪਣੇ ਮਾਤਾ-ਪਿਤਾ ਨੂੰ ਵਿਜ਼ਟਰ ਵੀਜ਼ੇ ਤੇ ਬੁਲਵਾਉਣ ਲਈ ਕਾਗਜ਼ ਭੇਜ ਦਿੱਤੇ, ਪਰ ਉਹਨਾਂ ਨੂੰ ਵੀਜ਼ਾ ਨਾ ਮਿਲਿਆ। ਇਹ ਪਤਾ ਲੱਗਦੇ ਹੀ ਲੜਕਾ ਕਾਫੀ ਮਾਯੂਸ ਹੋ ਗਿਆ। ਉਸ ਦੀ ਅਮਰੀਕਨ ਪਤਨੀ ਨੇ ਆਪਣੇ ਪਤੀ ਦੀ ਇਹ ਹਾਲਤ ਦੇਖ ਕੇ ਆਪ ਹੀ ਕੁਝ ਕਰਨ ਦਾ ਫੈਸਲਾ ਕੀਤਾ। ਸਮਾਂ ਮਿਲਦੇ ਹੀ ਉਸ ਨੇ ਆਪਣੇ ਇਲਾਕੇ ਦੇ ਐਮ ਪੀ ਨੂੰ ਫੋਨ ਕੀਤਾ। ਉਸ ਸਮੇਂ ਐਮ ਪੀ ਦੇ ਦਫ਼ਤਰ ਦਾ ਟੈਲੀਫ਼ੋਨ ਵਾਈਸ ਮੈਸੇਜ ਤੇ ਲੱਗਿਆ ਹੋਇਆ ਸੀ। ਉਸ ਨੇ ਸੁਨੇਹਾ ਛੱਡ ਦਿੱਤਾ ਕਿ ਇਕ ਜਰੂਰੀ ਕੰਮ ਲਈ ਐਮ ਪੀ ਦੀ ਸਹਾਇਤਾ ਦੀ ਜ਼ਰੂਰਤ ਹੈ। ਜਦੋਂ ਐਮ ਪੀ ਨੇ ਆਪਣੇ ਦਫਤਰ ਪਹੁੰਚ ਕੇ ਮੈਸੇਜ ਚੈਕੱ ਕੀਤਾ ਤਾਂ ਉਸੇ ਸਮੇਂ ਉਸ ਨੂੰ ਫੋਨ ਮਿਲਾਇਆ। ਗੋਰੀ ਕੁੜੀ ਨੇ ਉਸ ਨਾਲ ਆਪਣੇ ਸੱਸ-ਸਹੁਰੇ ਨੂੰ ਵੀਜ਼ਾ ਨਾ ਮਿਲਣ ਦੀ ਗੱਲ ਕੀਤੀ ਅਤੇ ਦੱਸਿਆ ਕਿ ਉਸ ਦਾ ਪਤੀ ਪੰਜ ਸਾਲ ਤੋਂ ਆਪਣੇ ਮਾਂ-ਪਿਉ ਨੂੰ ਨਹੀਂ ਮਿਲਿਆ। ਐਮ ਪੀ ਨੇ ਉਸ ਨੂੰ ਕਿਹਾ ਕਿ ਉਹ ਆਪਣੇ ਸੱਸ-ਸਹੁਰਾ ਦੇ ਸਾਰੇ ਕਾਗਜ਼ ਉਸ ਨੂੰ ਫੈਕਸ ਕਰ ਦੇਵੇ, ਉਹ ਅਮਰੀਕਨ ਅੰਮਬੈਸੀ ਨਾਲ ਗੱਲ ਕਰੇ ਗਾ। ਕੁਝ ਦਿਨਾਂ ਬਾਅਦ ਹੀ ਉਹਨਾਂ ਨੂੰ ਵੀਜ਼ਾ ਮਿਲ ਗਿਆ । ਪਰ ਇਕ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਜੇ ਸਬੰਧਿਤ ਐਮ ਪੀ ਨੂੰ ਲੱਗਦਾ ਹੈ ਕਿ ਜਿਹੜੇ ਬੰਦੇ ਸੰਬੰਧੀ ਉਹ ਅੰਮਬੈਸੀ ਨਾਲ ਸੰਪਰਕ ਕਰ ਰਿਹਾ ਹੈ, ਉਹ ਠੀਕ ਹੈ ਤਾਂ ਹੀ ਉਹ ਅਗੇ ਗੱਲ ਕਰਦਾ ਹੈ। ਇਹ ਨਹੀਂ ਕਿ ਆਪਣੀ ਪਾਰਟੀ ਦੇ ਕਿਸੇ ਬੰਦੇ ਜਾ ਹਮਾਇਤੀ ਦੀ ਸਿਫ਼ਾਰਿਸ਼ ਤੇ ਗਲਤ ਬੰਦੇ ਬਾਰੇ ਕਹੇ ਗਾ।

ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਰਹਿੰਦੇ ਹੋਏ ਮੈਂ ਦੇਖਿਆ ਹੈ ਕਿ ਅਸੈਂਬਲੀ ਮੈਂਬਰ ਅਤੇ ਫੈਡਰਲ ਸਰਕਾਰ (ਕੇਂਦਰੀ ਸਰਕਾਰ) ਦੇ ਚੁਣੇ ਹੋਏ ਨੁਮਾਇੰਦੇ ਆਪਣੇ-ਆਪਣੇ ਇਲਾਕੇ ਦੇ ਲੋਕਾਂ ਨੂੰ ਸਮੇਂ-ਸਮੇਂ ਤੇ ਦੋ-ਚਾਰ ਪੰਨਿਆਂ ਦੇ ਨਿਊਜ਼ ਲੈਟਰ ਭੇਜਦੇ ਰਹਿੰਦੇ ਹਨ ਅਤੇ ਆਪਣੇ ਇਲਾਕੇ ਦੇ ਆਮ ਲੋਕਾਂ ਨਾਲ ਸੰਪਰਕ ਵਿਚ ਰਹਿੰਦੇ ਹਨ। ਇਸ ਸਮੇਂ ਮੇਰੇ ਸਾਹਮਣੇ ਰਿਚਮੰਡ (ਬੀ ਸੀ) ਦੇ ਐਮ ਪੀ ਦੇ ਦੋ ਨਿਊਜ਼ ਲੈਟਰ ਪਏ ਹਨ। ਫਰਵਰੀ 2024 ਦੇ ਨਿਊਜ਼ ਲੈਟਰ ਵਿਚ ਐਮ ਪੀ, ਪਰਮ ਬੈਂਸ ਨੇ ਦੱਸਿਆ ਹੈ ਕਿ ਉਸ ਦੇ ਯਤਨਾਂ ਸਦਕਾ ਉਸਦੀ ਪਾਰਟੀ ਦੀ ਫੈਡਰਲ ਸਰਕਾਰ ਵੱਲੋਂ ਉਸਦੇ ਸੰਸਦੀ ਖੇਤਰ ਵਿਚ ਪਿਛਲੇ ਤਿੰਨ ਸਾਲਾਂ ਵਿਚ ਚਾਰ ਸੌ ਮਿਲੀਅਨ ਡਾਲਰਾਂ ਤੋਂ ਵੱਧ ਦਾ ਖਰਚ ਹੋਇਆ ਹੈ। ਇਹ ਰਕਮ ਕਿਹੜੇ-ਕਿਹੜੇ ਖੇਤਰਾਂ ਲਈ ਵਰਤੀ ਗਈ, ਇਸ ਦਾ ਵੇਰਵਾ ਦਿੱਤਾ ਹੋਇਆ ਹੈ। ਪਿਛਲੇ ਸਮੇਂ ਦੌਰਾਨ ਉਸ ਨੇ ਆਪਣੇ ਖੇਤਰ ਦੇ ਕਿਹੜੇ ਸਮਾਗਮਾਂ ਵਿਚ ਸ਼ਿਰਕਤ ਕੀਤੀ, ਉਹਨਾਂ ਦੀਆਂ ਫ਼ੋਟੋਆਂ ਹਨ। ਇਸ ਤੋਂ ਇਲਾਵਾ ਉਸ ਨੇ ਪਾਰਲੀਮੈਂਟ ਮੈਂਬਰ ਹੋਣ ਕਰਕੇ ਉਹ ਆਮ ਲੋਕਾਂ ਦੀ ਕਿਹੜੇ ਮਾਮਲਿਆਂ ਵਿਚ ਮਦਦ ਕਰ ਸਕਦਾ ਹੈ, ਇਸ ਦਾ ਬਿਊਰਾ ਵੀ ਦਿੱਤਾ ਗਿਆ ਹੈ। ਇਹ ਵੀ ਦੱਸਿਆ ਹੈ ਕਿ ਐਮ ਐਲ ਏ ਅਤੇ ਸ਼ਹਿਰ ਦੇ ਸਿਟੀ ਹਾਲ ਦੇ ਮੈਂਬਰ ਲੋਕਾਂ ਦੀ ਕਿਹੜੇ-ਕਿਹੜੇ ਕੰਮ ਲਈ ਸਹਾਇਤਾ ਕਰ ਸਕਦੇ ਹਨ ਅਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸੰਬੰਧਿਤ ਕੰਮ ਲਈ ਉਸਦੇ ਦਫਤਰ ਨਾਲ ਸੰਪਰਕ ਕਰਨ। ਸੰਪਰਕ ਕਰਨ ਲਈ ਟੈਲੀਫ਼ੋਨ ਨੰਬਰ, ਈ ਮੇਲ ਆਈ ਡੀ, ਇੰਸਟਾਗਰਾਮ, ਵੈਬਸਾਈਟ ਆਦਿ ਦਾ ਵੇਰਵਾ ਦਿੱਤਾ ਗਿਆ ਹੈ।

ਦੂਜੇ ਨਿਊਜ਼ ਲੈਟਰ ਵਿਚ ਕੈਨੇਡਾ ਦੀ ਕੇਂਦਰੀ ਸਰਕਾਰ ਵੱਲੋਂ ਕੈਨੇਡਾ ਦੇ ਨਾਗਰਿਕਾਂ ਲਈ ਦੰਦਾਂ ਦੇ ਇਲਾਜ ਲਈ ਨਵੀਂ ਸਕੀਮ ਸੰਬੰਧੀ ਜਾਣਕਾਰੀ ਦੇਣ ਦੇ ਨਾਲ-ਨਾਲ ਲੋਕਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਜੇ ਇਸ ਨਵੀਂ ਸਕੀਮ ਸੰਬੰਧੀ ਉਹਨਾਂ ਨੇ ਕੁਝ ਪੁਛ-ਗਿੱਛ ਕਰਨੀ ਹੈ ਤਾਂ ਉਸ ਦੇ ਦਫਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਇਹ ਹੁੰਦੇ ਹਨ ਲੋਕਾਂ ਦੁਆਰਾ ਚੁਣੇ ਗਏ ਪਰਤੀਨਿਧੀਆਂ ਦੇ ਫਰਜ਼। ਕੀ ਅਸੀਂ ਭਾਰਤ ਦੇ ਕਿਸੇ ਵੀ ਐਮ ਐਲ ਏ ਜਾਂ ਐਮ ਪੀ ਤੋਂ ਅਜਿਹੀ ਆਸ ਕਰ ਸਕਦੇ ਹਾਂ? ਇਸ ਵਿਚ ਕਈ ਵਾਰ ਕਸੂਰ ਆਮ ਲੋਕਾਂ ਦਾ ਵੀ ਹੁੰਦਾ ਹੈ। ਬਹੁਤੇ ਲੋਕ ਜਨ ਪਰਤੀਨਿਧੀਆਂ ਕੋਲ ਨੌਕਰੀ ਜਾਂ ਬਦਲੀ ਦੀ ਸਫ਼ਾਰਸ਼ ਕਰਨ ਦੀ ਬੇਨਤੀ ਕਰਨ ਜਾਂਦੇ ਹਨ ਜਾਂ ਪੁਲਿਸ ਤੋਂ ਕੋਈ ਜਾਇਜ਼-ਨਜਾਇਜ਼ ਕੰਮ ਕਰਵਾਉਣ। ਪੱਛਮੀ ਮੁਲਕਾਂ ਵਿਚ ਚੁਣੇ ਹੋਏ ਨੁਮਾਇੰਦੇ ਸਰਕਾਰੀ ਤੰਤਰ ਵਿਚ ਇਸ ਤਰਾਂ ਦੀ ਦਖ਼ਲ ਅੰਦਾਜ਼ੀ ਨਹੀਂ ਕਰਦੇ। ਇਸ ਦਾ ਇਕ ਕਾਰਨ ਹੋਰ ਵੀ ਹੈ ਕਿ ਪੁਲਿਸ ਜਾਂ ਸਰਕਾਰੀ ਦਫ਼ਤਰ ਰਾਜਸੀ ਦਖ਼ਲ ਅੰਦਾਜ਼ੀ ਤੋਂ ਮੁਕਤ ਹਨ।

ਸਾਡੇ ਦੇਸ ਦੀ ਚੋਣ ਪ੍ਰਕਿਰਿਆ ਵੀ ਦੋਸ਼ ਪੂਰਨ ਹੈ। ਸਾਰੀਆਂ ਹੀ ਪਾਰਟੀਆਂ ਬਹੁਤੀ ਵਾਰ ਪੜ੍ਹੇ ਲਿਖੇ ਸੂਝਵਾਨ ਉਮੀਦਵਾਰਾਂ ਦੀ ਥਾਂ ਅਣ ਪੜ੍ਹ, ਚਰਿੱਤਰ ਹੀਨ, ਬਦਮਾਸ਼ ਕਿਸਮ ਦੇ ਲੋਕਾਂ ਨੂੰ ਉਮੀਦਵਾਰ ਬਣਾਉਂਦੇ ਹਨ, ਜੋ ਪੈਸੇ ਦੇ ਸਿਰ ਜਾਂ ਪੋਲਿੰਗ ਬੂਥਾ ਤੇ ਕਬਜ਼ਾ ਕਰ ਕੇ ਜਿੱਤਦੇ ਹਨ। ਸਾਡੀ ਜਨਤਾ ਵੀ ਸੂਝਵਾਨ ਉਮੀਦਵਾਰਾਂ ਦੀ ਜਗਾ ਕਿਸੇ ਖਾਸ ਪਾਰਟੀ, ਖਾਸ ਨੇਤਾ ਪ੍ਰਤੀ ਵਫ਼ਾਦਾਰੀ ਨੂੰ ਮੁਖ ਰੱਖਦੇ ਹਨ। ਇਸੇ ਲਈ ਫ਼ਿਲਮੀ ਐਕਟਰ, ਕਲਾਕਾਰ, ਖਿਡਾਰੀ, ਗਾਇਕ ਆਦਿ ਜੋ ਰਾਜਨੀਤੀ ਦੇ 'ੳ, ਅ' ਤੋਂ ਵੀ ਅਣਜਾਣ ਹੁੰਦੇ ਹਨ, ਚੋਣ ਜਿੱਤ ਜਾਂਦੇ ਹਨ। ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ ਕਿ ਇਕ ਵਾਰ ਰਾਜੀਵ ਗਾਂਧੀ ਨੇ ਸ੍ਰੀ ਵਾਜਪਾਈ ਵਿਰੁਧ ਅਮਿਤਾਬ ਬਚਨ ਨੂੰ ਖੜਾ ਕਰ ਦਿੱਤਾ। ਸਾਡੀ ਜਨਤਾ ਦਾ ਵੀ ਹਾਲ ਦੇਖ ਲਓ ਕਿ ਵਾਜਪਾਈ ਸਾਹਿਬ ਵਰਗੇ ਸੁਲਝੇ ਹੋਏ ਰਾਜਸੀ ਨੇਤਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਬੀ ਜੇ ਪੀ ਨੇ ਵੀ ਸਮੇਂ-ਸਮੇਂ ਵੱਡੇ-ਵੱਡੇ ਫ਼ਿਲਮੀ ਕਲਾਕਾਰਾਂ ਨੂੰ ਪਾਰਟੀ ਦੇ ਉਮੀਦਵਾਰ ਬਣਾ ਕਰੇ ਲੋਕ ਸਭਾ ਵਿਚ ਭੇਜਿਆ ਹੈ। ਪੰਜਾਬ ਦੇ ਇਕ ਚੋਣ ਹਲਕੇ ਤੋਂ ਤਾਂ ਉਹ ਹਮੇਸ਼ਾ ਫ਼ਿਲਮੀ ਐਕਟਰਾਂ ਦੇ ਸਿਰ ਤੇ ਉਹ ਸੀਟ ਜਿੱਤਦੇ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਐਮ ਪੀ ਬਣਨ ਤੋਂ ਬਾਅਦ ਉਹਨਾਂ ਫ਼ਿਲਮੀ ਸਿਤਾਰਿਆਂ ਨੇ ਆਪਣੇ ਚੋਣ ਹਲਕੇ ਵਿਚ ਕਦਮ ਵੀ ਨਹੀਂ ਪਾਏ। ਦੂਜੀਆਂ ਪਾਰਟੀਆਂ ਵੀ ਇਹੋ ਕੰਮ ਕਰਨ ਤੋਂ ਪਿੱਛੇ ਨਹੀਂ ਹਟਦੀਆਂ। ਪੰਜਾਬ ਦੇ ਇਕ ਮਸ਼ਹੂਰ ਗਾਇਕ ਨੂੰ ਕਾਂਗਰਸ ਨੇ ਪਹਿਲਾਂ ਤਾਂ ਅਸੈਂਬਲੀ ਦਾ ਮੈਂਬਰ ਬਣਾਇਆ ਅਤੇ ਬਾਅਦ ਵਿਚ ਉਸ ਨੂੰ ਲੋਕ ਸਭਾ ਦਾ ਮੈਂਬਰ ਵੀ ਬਣਵਾਇਆ। ਇਹ ਵੱਖਰੀ ਗੱਲ ਹੈ ਕਿ ਦੋਵੇਂ ਥਾਂਵਾਂ ਤੇ ਉਸਦੀ ਕਾਰਗੁਜ਼ਾਰੀ ਸੰਬੰਧੀ ਜੇ ਕੁਝ ਨਾ ਹੀ ਕਿਹਾ ਜਾਵੇ ਤਾਂ ਚੰਗਾ ਹੈ। ਪੰਜਾਬ ਦਾ ਇਕ ਹੋਰ ਗਾਇਕ ਪਹਿਲਾਂ ਅਕਾਲੀ ਦਲ ਵੱਲੋਂ, ਅਗਲੀ ਵਾਰ ਕਾਂਗਰਸ ਵੱਲੋਂ ਪਾਰਲੀਮੈਂਟ ਚੋਣਾ ਵਿਚ ਖੜਾ ਹੋਇਆ, ਪਰ ਦੋਵੇਂ ਵਾਰ ਹਾਰ ਗਿਆ। ਤੀਜੀ ਵਾਰ ਬੀ ਜੇ ਪੀ ਵੱਲੋਂ ਚੋਣ ਲੜ ਕੇ ਪਾਰਲੀਮੈਂਟ ਵਿਚ ਪਹੁੰਚਿਆ। ਹੁਣ ਫੇਰ ਉਹ ਚੌਥੀ ਵਾਰੀ ਬੀ ਜੇ ਪੀ ਵੱਲੋਂ ਹੀ ਚੋਣ ਲੜ ਰਿਹਾ ਹੈ। ਉਸ ਦੀ ਕਾਰਗੁਜ਼ਾਰੀ ਸੰਬੰਧੀ ਵੀ ਚੁੱਪ ਰਹਿਣਾ ਹੀ ਬਿਹਤਰ ਹੈ। 2024 ਦੀਆਂ ਵਰਤਮਾਨ ਚੋਣਾਂ ਵਿਚ ਵੀ ਆਮ ਆਦਮੀ ਪਾਰਟੀ ਨੇ ਇਕ ਕਲਾਕਾਰ ਨੂੰ ਟਿੱਕਟ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਆਮ ਆਦਮੀ ਪਾਰਟੀ ਵੱਲੋਂ ਇਕ ਸਾਬਕੀ ਕ੍ਰਿਕਟ ਖਿਡਾਰੀ ਨੂੰ ਰਾਜ ਸਭਾ ਵਿਚ ਭੇਜਿਆ ਗਿਆ ਹੈ। ਕਿਸੇ ਸਮੇਂ ਅਕਾਲੀ ਦਲ ਦੇ ਇਕ ਪ੍ਰਧਾਨ ਨੇ ਆਪਣੇ ਡਰਾਇਵਰ ਨੂੰ ਵੀ ਐਮ ਪੀ ਬਣਾ ਦਿੱਤਾ ਸੀ। ਸਾਰੇ ਦੇਸ਼ ਵਿਚ ਹੀ ਇਸ ਤਰਾਂ ਚਲ ਰਿਹਾ ਹੈ। ਰਾਜਸੀ ਪੱਖ ਤੋਂ ਕੋਰੇ ਬੰਦਿਆਂ ਨੂੰ ਐਮ ਐਲ ਏ ਜਾਂ ਐਮ ਪੀ ਦੀਆਂ ਚੋਣਾਂ ਲੜਵਾਈਆਂ ਜਾ ਰਹੀਆਂ ਹਨ। । ਕਈ ਐਮ ਪੀ ਅਤੇ ਰਾਜਾਂ ਦੇ ਐਮ ਐਲ ਏ ਅਜਿਹੇ ਹਨ ਜਿੰਨਾ ਵਿਰੁਧ ਕਈ ਅਪਰਾਧਿਕ ਮਾਮਲੇ ਵੀ ਦਰਜ ਹਨ। ਇਹ ਕਿਸੇ ਇਕ ਪਾਰਟੀ ਵਿਚ ਨਹੀਂ, ਤਕਰੀਬਨ ਸਾਰੀਆਂ ਹੀ ਪਾਰਟੀਆਂ ਵਿਚ ਹੈ। ਕੀ ਅਜਿਹੇ ਜਨ ਪਰਤੀਨਿਧੀਆਂ ਤੋਂ ਅਸੀਂ ਪੱਛਮੀ ਮੁਲਕਾਂ ਦੇ ਚੁਣੇ ਨੁਮਾਇੰਦਿਆਂ ਵਰਗੇ ਕੰਮਾਂ ਦੀ ਆਸ ਕਰ ਸਕਦੇ ਹਾਂ?

ਫ਼ੋਟੋ ਕੈਪਸ਼ਨ: ਕੈਨੇਡਾ ਦੇ ਇਕ ਐਮ ਪੀ ਦੇ ਦੋ ਨਿਊਜ਼ ਲੈਟਰ ਅਤੇ ਰਵਿੰਦਰ ਸਿੰਘ ਸੋਢੀ

## ਬਲਵਿੰਦਰ ਸਿੰਘ ਕਾਹਲੋਂ ਦੀ ਨਸ਼ਿਆਂ ਖਿਲਾਫ਼ ਕੈਨੇਡਾ ਤੇ ਭਾਰਤੀ ਪੰਜਾਬ ਵਿੱਚ ਮਹਾਂ ਯਾਤਰਾਵਾਂ ਤੋਂ ਬਾਦ ਜੰਗ ਅੱਜ ਵੀ ਨਿਰੰਤਰ ਜਾਰੀ ਹੈ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਨਸ਼ਿਆਂ ਖ਼ਿਲਾਫ਼ ਕੈਲਗਰੀ(ਕੈਨੇਡਾ) ਦੀ ਡਰੱਗ ਅਵੇਅਰਨੈੱਸ ਫਾਉਂਡੇਸ਼ਨ ਵੱਲੋਂ 12ਮਈ ਨੂੰ ਪੰਜ ਕਿਲੋਮੀਟਰ ਲੰਮੀ ਯਾਤਰਾ ਹੋ ਰਹੀ ਹੈ ਹਰ ਸਾਲ ਵਾਂਗ।
ਇਸ ਬਹਾਨੇ ਯਾਦ ਆਇਆ ਨਾਨੋਹਾਰਨੀ(ਗੁਰਦਾਸਪੁਰ) ਦਾ ਜੰਮਪਲ,ਸਰਾਭਾ ਨਗਰ ਲੁਧਿਆਣਾ (ਹੁਣ ਕੈਲਗਰੀ)ਵਾਸੀ ਮਿੱਤਰ ਪਿਆਰਾ ਬਲਵਿੰਦਰ ਸਿੰਘ ਕਾਹਲੋਂ।
ਚੜ੍ਹਦੀ ਜਵਾਨੀ ਵੇਲੇ ਮਿਲਿਆ ਭੰਗੜੇ ਦਾ ਅਲਬੇਲਾ ਕਲਾਕਾਰ ਅਤੇ ਸਰੂ ਕੱਦ ਵਾਲਾ ਬਲਵਿੰਦਰ ਕਾਹਲੋਂ ਅੱਜ ਵੀ ਕੈਨੇਡਾ ਵਿੱਚ ਨਸ਼ਿਆਂ ਦੇ ਖਿਲਾਫ ਮਹਾਂ ਸੰਗਰਾਮ ਛੇੜੀ ਬੈਠਾ ਹੈ।
ਨਸ਼ਿਆਂ ਦੇ ਖਾਤਮੇ ਲਈ ਕੈਨੇਡਾ ਵਿੱਚ ਉਹ ਇੱਕ ਸਿਰੇ ਤੋਂ ਦੂਜੇ ਸਿਰੇ ਤੀਕ ਮਹਾਂ ਯਾਤਰਾ ਕਰ ਚੁਕਾ ਹੈ ਤੇਰਾਂ ਸਾਲ ਪਹਿਲਾਂ। ਇਸ ਨੂੰ ਕਦੇ ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਚਿਤਵਿਆ।
ਅਗਸਤ 1971 ਵਿੱਚ ਮੈਂ ਲੁਧਿਆਣੇ ਪੜ੍ਹਨ ਲਈ ਆਇਆ ਤਾਂ ਬਲਵਿੰਦਰ ਦੀਆਂ ਧੁੰਮਾਂ ਇਕ ਲੜਾਕੇ ਗੱਭਰੂ ਦੇ ਤੌਰ ਤੇ ਪੂਰੇ ਸ਼ਹਿਰ ਵਿੱਚ ਬਹੁਤ ਮਸ਼ਹੂਰ ਸਨ। ਹੱਕ, ਸੱਚ ਇਨਸਾਫ ਦੀ ਲੜਾਈ ਵਿੱਚ ਮੋਹਰੀ ਮੁੰਡਾ । ਆਪਣੇ ਮਿੱਤਰਾਂ ਨੱਥਾ ਸਿੰਘ ਬੋਪਾਰਾਏ, ਗੁਰਜੀਤ, ਪ੍ਰੀਤਮ, ਜਰਨੈਲ ਸੰਧੂ, ਦਰਸ਼ਨ ਸਿੰਘ ਵਿਰਕ, ਸ਼ਮਸ਼ੇਰ ਸਿੰਘ ਸੰਧੂ ਅਤੇ ਹੋਰ ਅਨੇਕ ਸਾਥੀਆਂ ਦੇ ਕਾਫਲੇ ਨਾਲ ਵਿਚਰਦਾ। ਉਹ ਭੰਗੜਾ ਕਲਾਕਾਰ ਦੇ ਤੌਰ ਤੇ ਵਿਚੇ ਵਿਚ 26 ਜਨਵਰੀ ਪਰੇਡ ਤੇ ਵੀ ਆਪਣੀ ਹਾਜ਼ਰੀ ਭਰ ਆਉਂਦਾ। ਆਪਣੇ ਮਾਮੇ ਹਰਭਜਨ ਸਿੰਘ ਬਾਜਵਾ(ਜੁਗਨੀ) ਬਟਾਲਾ ਵਾਂਗ ਪੂਰੇ ਪੰਜਾਬ ਵਿੱਚ ਉਸ ਦੇ ਭੰਗੜੇ ਦੀ ਨਿਵੇਕਲੀ ਪਛਾਣ ਸੀ। ਉਸ ਦੇ ਸਾਥੀਆਂ ਵਿਚੋਂ ਹਰਜੀਤ ਸਿੰਘ ਬੇਦੀ, ਗਿੱਲ ਸੁਰਜੀਤ, ਫਰੀਦਕੋਟ ਵਾਲਾ ਬਿੰਦੀ, ਜਸਬੀਰ, ਚੰਨੀ ਤਾਕੁਲੀਆ, ਸੀਤਲ ਅਤੇ ਅਨੇਕਾਂ ਹੋਰ ਚਿਹਰੇ ਅੱਖਾਂ ਅੱਗੇ ਅੱਜ ਵੀ ਆ ਜਾਂਦੇ ਹਨ। ਜੀ ਜੀ ਐਨ ਖਾਲਸਾ ਕਾਲਜ ਛੱਡ ਕੇ ਉਹ ਰਾਮਗੜ੍ਹੀਆ ਕਾਲਜ ਫਗਵਾੜੇ ਪੜ੍ਹਨ ਜਾ ਲੱਗਾ। ਇਥੇ ਫਿਰ ਉਹੀ ਮਾਹੌਲ, ਵਿਦਿਆਰਥੀ ਹੱਕਾਂ ਲਈ ਅੜ ਖਲੋਂਦਾ, ਇਥੋਂ ਬੀ ਏ ਕਰਕੇ ਉਹ ਡੀ ਏ ਵੀ ਕਾਲਜ ਦੇਹਰਾਦੂਨ ਵਿੱਚ ਲਾਅ ਕਰਨ ਲੱਗ ਪਿਆ। ਪੰਜਾਬੀ ਦਸਤਾਰ ਦੀ ਬੇਹੁਰਮਤੀ ਨਾ ਸਹਾਰਦਾ ਹੋਇਆ ਉਹ ਪੂਰੇ ਦੇਹਰਾਦੂਨ ਵਿੱਚ ਸਿੱਖਾਂ ਦਾ ਪ੍ਰਤੀਨਿਧ ਗਿਣਿਆ ਜਾਣ ਲੱਗਾ।
ਲਾਅ ਕਰਕੇ ਲੁਧਿਆਣੇ ਪਰਤਿਆ ਤਾਂ ਉੱਥੇ ਵਕੀਲ ਤੇ ਸਾਬਕਾ ਐੱਮ ਪੀ ਸ: ਮੇਵਾ ਸਿੰਘ ਗਿੱਲ ਦਾ ਸਹਿਯੋਗੀ ਬਣ ਗਿਆ। ਵੱਖ ਵੱਖ ਕਾਲਜਾਂ ਦੇ ਗੱਭਰੂਆਂ ਨੂੰ ਭੰਗੜਾ ਸਿਖਾਉਂਦਾ 1982 ਦੀਆਂ ਏਸ਼ੀਆਈ ਖੇਡਾਂ ਵਿੱਚ ਉਹ ਭੰਗੜੇ ਦੇ ਕੋਚ ਵਜੋਂ ਸ਼ਾਮਿਲ ਸੀ। ਉਹ ਕਦੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੁੰਡਿਆਂ ਨੂੰ ਭੰਗੜਾ ਸਿਖਾਉਂਦਾ ਕਦੇ ਆਰੀਆ ਕਾਲਜ ਲੁਧਿਆਣਾ ਅਤੇ ਕਦੇ ਖਾਲਸਾ ਕਾਲਜ ਵਿੱਚ। ਅਚਾਨਕ ਇਕ ਦਿਨ ਕੈਨੇਡਾ ਤੁਰ ਗਿਆ। ਫਿਰ ਲੰਬੀ ਚੁੱਭੀ। ਕੋਈ ਅਤਾ ਪਤਾ ਨਹੀਂ, ਖਤ ਨਹੀਂ, ਪੱਤਰ ਨਹੀਂ, ਟੈਲੀਫੂਨ ਨਹੀਂ। ਮਿੱਤਰਾਂ ਦੀ ਦਾਸਤਾਨ ਵਿੱਚ ਉਹ ਅਕਸਰ ਹਾਜ਼ਰ ਹੁੰਦਾ ਪਰ ਸੰਪਰਕ ਕਿਸੇ ਨਾਲ ਨਹੀਂ।
2006 ਵਿੱਚ ਜਦ ਮੈਂ ਦੂਸਰੀ ਕੈਨੇਡਾ ਫੇਰੀ ਵੇਲੇ ਕੈਲਗਰੀ ਪਹੁੰਚਿਆ ਤਾਂ ਇਥੋਂ ਦੇ ਰੇਡੀਓ ਸਟੇਸ਼ਨ ਸੁਰ ਸੰਗਮ ਤੋਂ ਪਤਾ ਲੱਗਾ ਕਿ ਬਲਵਿੰਦਰ ਪਿਛਲੇ ਦਿਨੀਂ ਪਾਰਲੀਮੈਂਟ ਦੀ ਚੋਣ ਕੁਝ ਵੋਟਾਂ ਤੇ ਹੀ ਹਾਰਿਆ ਹੈ। ਮੇਰੀ ਉਤਸੁਕਤਾ ਹੋਰ ਵਧੀ। ਬਲਵਿੰਦਰ ਤਾਂ ਮੇਰਾ ਸੱਜਣ ਵੀ ਹੈ ਅਤੇ ਰਿਸ਼ਤੇਦਾਰ ਵੀ। ਉਸ ਨੂੰ ਮਿਲਣਾ ਮੈਨੂੰ ਹਮੇਸ਼ਾਂ ਚੰਗਾ ਚੰਗਾ ਲੱਗਦਾ ਹੈ। ਕੈਲਗਰੀ ਵਿੱਚ ਮੁਲਾਕਾਤ ਹੋਈ ਤਾਂ ਉਹ ਤਬਦੀਲ ਹੋਇਆ ਬਲਵਿੰਦਰ ਸੀ। ਕਲੀਨ ਸ਼ੇਵਨ ਬਲਵਿੰਦਰ। ਸੋਹਣੀ ਦਸਤਾਰ ਵਾਲਾ ਬਲਵਿੰਦਰ ਕਿਥੇ ਗਿਆ, ਮੇਰਾ ਸੁਆਲ ਸੀ? ਆਪੇ ਪਰਤ ਆਵੇਗਾ, ਉਸ ਦਾ ਜਵਾਬ ਸੀ। ਉਦੋਂ ਉਹ ਆਪਣੇ ਸਾਥੀਆਂ ਸੁਰਿੰਦਰ ਦਿਆਲ, ਸੰਗਰਾਮ ਸੰਧੂ, ਤਰਸੇਮ ਪਰਮਾਰ ਅਤੇ ਗੁਰਿੰਦਰ ਹੀਰ ਨਾਲ ਮਿਲ ਕੇ ਨਸ਼ਿਆਂ ਦੇ ਖਿਲਾਫ ਚੇਤਨਾ ਲਹਿਰ ਅਧੀਨ ਸੁਰ ਸੰਗਮ ਰੇਡੀਓ ਤੋਂ ਹਰ ਹਫ਼ਤੇ ਦੋ ਘੰਟੇ ਪ੍ਰੋਗਰਾਮ ਬਰਾਡਕਾਸਟ ਕਰਦਾ ਸੀ। ਉਨ੍ਹਾਂ ਦੀ ਇਸ ਹਿੰਮਤ ਨੇ ਕਈ ਭਾਈਚਾਰਿਆਂ ਦੇ ਨਸ਼ਾ ਵਣਜਾਰੇ ਇਨ੍ਹਾਂ ਦੇ ਦੁਸ਼ਮਣ ਬਣਾ ਦਿੱਤੇ ਸਨ। ਪਰ ਬਲਵਿੰਦਰ ਅਤੇ ਸਾਥੀਆਂ ਦੀ ਸਾਂਝੀ ਸ਼ਕਤੀ ਕਿਸੇ ਅੱਗੇ ਨਾ ਝੁਕੀ। ਇਕ ਸਾਲ ਚਾਰ ਮਹੀਨੇ ਉਨ੍ਹਾਂ ਨੇ ਇਸ ਰੇਡੀਓ ਤੋਂ ਸਿਲਸਿਲੇਵਾਰ ਨਸ਼ਿਆਂ ਦੇ ਖਿਲਾਫ ਮੁਹਿੰਮ ਚਲਾਈ। ਬਾਅਦ ਵਿੱਚ ਕੈਲਗਰੀ ਦੇ ਹੀ ਰੇਡੀਓ ਐਫ ਐਮ 94.7 ਤੋਂ ਹਰ ਐਤਵਾਰ ਇਹ ਪ੍ਰਸਾਰਨ ਜਾਰੀ ਰੱਖਿਆ। ਮੈਂ 2008 ਵਿੱਚ ਜਦ ਫਿਰ ਕੈਲਗਰੀ ਗਿਆ ਤਾਂ ਮੈਨੂੰ ਵੀ ਇਨ੍ਹਾਂ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ। ਪਹਿਲੀ ਵਾਰ ਵੀ ਇਨ੍ਹਾਂ ਨੇ ਮੈਨੂੰ ਆਪਣੀ ਪੰਜਾਲੀ ਵਿੱਚ ਜੋੜ ਲਿਆ ਸੀ।
ਹੁਣ ਬਲਵਿੰਦਰ ਵੱਡੇ ਸੁਪਨੇ ਲਈ ਵੱਡੇ ਅੰਬਰ ਦੀ ਭਾਲ ਵਿੱਚ ਸੀ। ਮੈਨੂੰ ਮੇਰੇ ਮਿੱਤਰਾਂ ਵਿੱਚੋਂ ਗੁਰਿੰਦਰ ਹੀਰ, ਰਣਜੀਤ ਸਿੱਧੂ ਅਤੇ ਤਰਸੇਮ ਪਰਮਾਰ ਨੇ ਇਕ ਪਾਸੇ ਹੋ ਕੇ ਆਖਿਆ ਕਿ ਕਾਹਲੋਂ ਸਾਹਿਬ ਨੂੰ ਸਮਝਾਓ, ਇਨ੍ਹਾਂ ਦੀ ਸਿਹਤ ਠੀਕ ਨਹੀਂ, ਦਿਲ ਦਾ ਮਾਮਲਾ ਵਿਗੜਿਆ ਹੋਇਆ ਹੈ ਪਰ ਇਹ ਨਸ਼ਿਆਂ ਖਿਲਾਫ ਪੂਰੇ ਕੈਨੇਡਾ ਇੱਕ ਸਿਰੇ ਤੋਂ ਦੂਜੇ ਸਿਰੇ ਤੀਕ ਮਹਾਂ ਯਾਤਰਾ ਦੀ ਯੋਜਨਾਕਾਰੀ ਕਰ ਰਹੇ ਹਨ। ਪਰ ਦੂਸਰੇ ਪਾਸੇ ਬਲਵਿੰਦਰ ਨੂੰ ਜਦ ਮੈਂ ਇਸ ਸੰਬੰਧੀ ਠਕੋਰਿਆ ਤਾਂ ਉਹ ਪੂਰੇ ਉਤਸ਼ਾਹ ਨਾਲ ਬੋਲਿਆ, ਜੇ ਕੋਈ ਵੀ ਨਾ ਤੁਰਿਆ ਤਾਂ ਮੈਂ ਕੱਲਾ ਤੁਰਾਂਗਾ।
ਮੇਰੀ ਜੀਵਨ ਸਾਥਣ ਮਨਧੀਰ ਅਤੇ ਮੇਰੇ ਬੱਚੇ ਮੇਰੇ ਨਾਲ ਤੁਰਨਗੇ। ਉਸ ਦੀ ਜੀਵਨ ਸਾਥਣ ਮਨਧੀਰ ਕੌਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਹੀ ਜਸਵਿੰਦਰ ਭੱਲਾ ਅਤੇ ਬਾਲ ਮੁਕੰਦ ਸ਼ਰਮਾ ਵੇਲੇ ਐਮ ਐਸ ਸੀ ਕਰਦੀ ਹੁੰਦੀ ਸੀ। ਮੇਰੇ ਵਿਦਿਆਰਥੀਆਂ ਵਰਗੀ ਨਿੱਕੀ ਭੈਣ। ਉਸ ਵੇਲੇ ਸਰੀਰੋਂ ਤੰਦਰੁਸਤ ਨਾ ਹੋਣ ਦੇ ਬਾਵਜੂਦ ਵੀ ਉਹ ਬਲਵਿੰਦਰ ਨਾਲ ਤੁਰਨ ਨੂੰ ਤਿਆਰ ਸੀ।
ਅਚਾਨਕ ਉਹਨੀਂ ਦਿਨੀਂ ਟੈਲੀਫੂਨ ਦੀ ਘੰਟੀ ਵੱਜੀ । ਬਲਵਿੰਦਰ ਬੋਲਿਆ, ਮੈਂ ਪਹਿਲੀ ਅਪ੍ਰੈਲ ਨੂੰ ਸੇਂਟਜੌਹਨ ਤੋਂ ਤੁਰ ਪਿਆ ਸਾਂ। ਨਸ਼ਿਆਂ ਦੇ ਖਿਲਾਫ ਮਹਾਂ ਯਾਤਰਾ ਤੇ। ਹੁਣ 2500 ਮੀਲ ਤੁਰ ਚੁੱਕਾ ਹਾਂ, ਤੁਰਨ ਵੇਲੇ ਮੇਰੇ ਨਾਲ ਮੇਰੇ ਮਿੱਤਰ ਅਵਤਾਰ, ਸੁਖਦਰਸ਼ਨ ਤੇ ਮਨਧੀਰ ਕੌਰ ਤੋਂ ਇਲਾਵਾ ਇਕ ਗੋਰੀ ਬੀਬੀ ਸੈਂਡਰਾਂ ਮੌਰਿਸ ਵੀ ਸੀ। ਕੁਝ ਤੁਰ ਕੇ ਅੱਗੋਂ ਨਵੇਂ ਸਾਥੀ ਮਿਲ ਪਏ। ਲਗਾਤਰ ਤੁਰ ਰਿਹਾ ਹਾਂ ਅਤੇ ਇਸ ਵੇਲੇ ਮੇਰੇ ਨਾਲ ਮਾਝੇ ਦੇ ਪਿੰਡ ਸਠਿਆਲਾ ਲਾਗਲੇ ਪਿੰਡ ਸੇਰੋਂ ਬਾਘਾ ਦਾ ਰਤਨਪ੍ਰੀਤ ਸਿੰਘ ਤੁਰ ਰਿਹਾ ਹੈ। ਇਹ ਪੀ ਪੀ ਐਸ ਨਾਭਾ ਦਾ ਪੜ੍ਹਿਆ ਹੋਇਆ ਨੌਜਵਾਨ ਹੈ ਜੋ ਅੱਜਕਲ੍ਹ ਟੋਰਾਂਟੋ ਰਹਿੰਦਾ ਹੈ। ਰਤਨਪ੍ਰੀਤ ਨੇ ਦੱਸਿਆ ਕਿ ਉਹ ਅਖ਼ਬਾਰ ਪੜ੍ਹ ਕੇ ਕਾਫਲੇ ਵਿੱਚ ਰਲਿਆ ਹੈ।
ਬਲਵਿੰਦਰ ਨੇ ਦੱਸਿਆ ਕਿ ਕਿ ਪੈਦਲ ਤੁਰ ਕੇ ਕੈਨੇਡਾ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੀਕ ਪਹੁੰਚਦਿਆਂ ਉਸ ਨੂੰ ਘੱਟੋ ਘੱਟ 9 ਮਹੀਨੇ ਲੱਗਣਗੇ। ਨਵੰਬਰ ਦੇ ਅੱਧ ਵਿੱਚ ਉਹ ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਪਹੁੰਚ ਕੇ ਆਪਣੀ ਯਾਤਰਾ ਖਤਮ ਕਰੇਗਾ। ਹੁਣ ਤੀਕ ਉਹ ਨੋਵਾਸਕੋਸ਼ੀਆ, ਪ੍ਰਿੰਸ ਐਡਵਰਡ ਆਈਲੈਂਡ, ਨਿਊ ਬਰਨਸਵਿਕ, ਕਿਊਬੈਕ ਦੀ ਰਾਜਧਾਨੀ ਮੌਂਟਰੀਅਲ, ਔਂਟਵਾ ਤੋਂ ਬਾਅਦ ਟੋਰਾਂਟੋ ਪਹੁੰਚ ਚੁੱਕਾ ਹੈ । ਅੱਗੋਂ ਮੈਨੀਟੋਬਾ, ਵਿਨੀਪੈਗ, ਸਸਕੈਚਵਨ, ਰੇਜ਼ੀਨਾ, ਕੈਲਗਰੀ, ਐਲਬਰਟਾ ਦੇ ਸ਼ਹਿਰਾਂ ਤੋਂ ਘੁੰਮਦਾ ਹੋਇਆ ਉਹ ਬ੍ਰਿਟਿਸ਼ ਕੋਲੰਬੀਆ ਪਹੁੰਚੇਗਾ। ਉਸ ਕੋਲ ਨਸ਼ਿਆਂ ਦੇ ਖਿਲਾਫ ਸਾਹਿਤ ਹੈ ਜਿਸ ਨੂੰ ਉਹ ਨਾਲੋ ਨਾਲ ਵੰਡੀ ਜਾਂਦਾ ਹੈ। ਉਸ ਦੀ ਇਸ ਹਿੰਮਤ ਨੂੰ ਸਨਮਾਨਣ ਲਈ ਔਂਟਵਾ ਵਿਖੇ ਕੈਨੇਡਾ ਦੇ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੇ ਉਚੇਚਾ ਪਹੁੰਚ ਕੀਤੀ ਅਤੇ ਨਸ਼ਿਆਂ ਦੀ ਜਕੜ ਤੋਂ ਕੈਨੇਡਾ ਨੂੰ ਬਚਾਉਣ ਲਈ ਆਰੰਭੇ ਯਤਨ ਦੀ ਸ਼ਲਾਘਾ ਕੀਤੀ।
ਬਲਵਿੰਦਰ ਵਿਸ਼ਵ ਵਿਚ ਵਸਦੇ ਪੰਜਾਬੀਆਂ ਨੂੰ ਇਹੀ ਸੁਨੇਹਾ ਦੇਣਾ ਚਾਹੁੰਦਾ ਸੀ ਕਿ ਮੇਰੇ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੇ ਇਕ ਰਾਤ ਮੈਨੂੰ ਇਸ ਕਾਰਜ ਲਈ ਆਦੇਸ਼ ਦਿੱਤਾ ਕਿ ਇਸ ਕੋਹੜ ਤੋਂ ਮੁਕਤੀ ਲਈ ਤੂੰ ਕਿਉਂ ਨਹੀਂ ਜਾਗਦਾ?ਮਗਰੋਂ ਨਸ਼ਾਬੰਦੀ ਇਲਾਜ ਕੈਂਪ ਕਰਨ ਦੀ ਥਾਂ ਇਸ ਕੋਹੜ ਦੀ ਪੇਸ਼ਬੰਦੀ ਕਿਉਂ ਨਾ ਕੀਤੀ ਜਾਵੇ। ਵਿਸ਼ਵ ਵਿੱਚ ਨਸ਼ਿਆਂ ਦੇ ਖਿਲਾਫ ਹੋ ਰਹੀ ਇਹ ਪਹਿਲੀ ਮਹਾਂ ਯਾਤਰਾ ਹੈ ਜਿਸ ਨੂੰ ਗੁਰੂ ਦਾ ਅੰਮ੍ਰਿਤਧਾਰੀ ਸਿੰਘ ਬਲਵਿੰਦਰ ਸਿੰਘ ਕਾਹਲੋਂ ਨੇਪਰੇ ਚਾੜਨ ਲਈ ਵਚਨਬੱਧ ਹੋਇਆ ਹੈ।
ਬਲਵਿੰਦਰ ਨੂੰ ਮੈਂ ਪੁੱਛਿਆ ਕਿ ਜਦ ਮੈਂ ਤੈਨੂੰ ਮਿਲਿਆ ਸੀ 2008ਵਿੱਚ ਉਦੋਂ ਤਾਂ ਤੂੰ ਸਫਾ ਚੱਟ ਕਲੀਨ ਸ਼ੇਵਨ ਸੀ। ਇਹ ਅੰਮ੍ਰਿਤ ਵਾਲੀ ਦਾਤ ਕਦੋਂ ਨਸੀਬ ਹੋਈ।
ਉਸ ਦਾ ਜਵਾਬ ਸੀ ਗੁਰਦੁਆਰਾ ਪ੍ਰਬੰਧ ਵਿੱਚ ਆਏ ਵਿਕਾਰ ਤੇ ਵਿਗਾੜ ਬਾਰੇ ਜਦ ਵੀ ਕਦੇ ਬੋਲਦਾ ਤਾਂ ਘੜੰਮ – ਚੌਧਰੀ ਆਖਦੇ ਸਰਦਾਰ ਜੀ ਤੁਹਾਨੂੰ ਧਰਮ ਦਾ ਕੀ ਪਤਾ, ਸਾਡੇ ਕੰਮ ਵਿੱਚ ਦਖਲ ਨਾ ਦਿਓ। ਜਦ ਆਪਸ ਵਿੱਚ ਫਸ ਜਾਂਦੇ ਤਾਂ ਉਹ ਪੰਚਾਇਤ ਵਿੱਚ ਮੇਰੇ ਵਰਗੇ ਨੂੰ ਬੁਲਾ ਲੈਂਦੇ। ਬਹੁਤੇ ਮਸਲੇ ਨਜਿੱਠਣ ਵਿੱਚ ਮੇਰੇ ਵਰਗੇ ਹੀ ਕੰਮ ਆਉਂਦੇ । ਗੁਰੂ ਘਰ ਵਿੱਚ ਆਣ ਜਾਣ ਨਾਲ ਮੈਨੂੰ ਇਹ ਦਾਤ ਵੀ ਹਾਸਿਲ ਹੋ ਗਈ। ਹੁਣ ਮੈਂ ਤਬਦੀਲ ਹੋਇਆ ਬਲਵਿੰਦਰ ਹਾਂ। ਬਿਨਾਂ ਕਿਸੇ ਧਰਮ ਧੜੇ ਤੋਂ । ਹਰ ਮੁਸੀਬਤ ਨੂੰ ਹੱਸ ਕੇ ਸੁਆਗਤ ਕਰਨ ਵਾਲਾ ਨਿਰਭਉ ਨਿਰਵੈਰ। ਬਲਵਿੰਦਰ ਦੀ ਤੇਰਾਂ ਸਾਲ ਪਹਿਲਾਂ ਕੀਤੀ ਨਸ਼ਿਆਂ ਖਿਲਾਫ ਮਹਾਂ ਯਾਤਰਾ ਪੂਰੇ ਵਿਸ਼ਵ ਵਿੱਚ ਇਕ ਸਿੱਖ ਵੱਲੋਂ ਕੀਤਾ ਜਾ ਰਿਹਾ ਅਜਿਹਾ ਕਾਰਨਾਮਾ ਸੀ ਜਿਸ ਦੀ ਮਿਸਾਲ ਇਤਿਹਾਸ ਵਿੱਚ ਅੰਕਿਤ ਹੋਈ ਸਗੋਂ ਇਸ ਨਾਲ ਪੂਰੇ ਗਲੋਬ ਤੇ ਸਿੱਖ ਚਿਹਰਾ ਬੁਰਾਈ ਖ਼ਿਲਾਫ਼ ਲੜਨ ਲਈ ਸਤਿਕਾਰਿਆ ਗਿਆ।
2012 ਵਿੱਚ ਉਸ ਨੇ ਮੇਰੇ ਵਰਗੇ ਸੁਸਤੀ ਮਾਰੇ ਸਾਥੀਆਂ ਨੂੰ ਨਾਲ ਲੈ ਕੇ ਡੇਰਾ ਬਾਬਾ ਨਾਨਕ ਤੋਂ ਚੰਡੀਗੜ੍ਹ ਤੀਕ ਯਾਤਰਾ ਕੀਤੀ। ਕੁਝ ਕਾਰ ਤੇ ਕੁਝ ਤੁਰ ਕੇ। ਸੰਤ ਅਮੀਰ ਸਿੰਘ ਜਵੱਦੀ ਵਾਲਿਆਂ ਅਰਦਾਸ ਕਰਕੇ ਕਫਲਾ ਤੋਰਿਆ। ਦਰਬਾਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਤੇ ਸਿਲਤਾਨਪੁਰ ਲੋਧੀ ਹੁੰਦਾ ਹੋਇਆ ਕਾਫ਼ਲਾ ਜਲੰਧਰ ਪ੍ਰੈੱਸ ਕਲੱਬ ਵਿੱਚ ਮੀਡੀਆ ਨੂੰ ਸੰਬੋਧਿਤ ਹੋਇਆ ਜਿੱਥੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸ. ਮੁਖਬੈਨ ਸਿੰਘ ਵੀ ਸ਼ਾਮਿਲ ਹੋਏ। ਚੰਡੀਗੜ੍ਹ ਮੈਮੋਰੰਡਮ ਦੇ ਕੇ ਹੀ ਉਹ ਕੈਨੇਡਾ ਪਰਤਿਆ।
ਅੱਜ ਸਵੇਰੇ ਫਿਰ ਉਸ ਦਾ ਸੰਦੇਸ਼ ਮਿਲਿਐ। ਕੈਲਗਰੀ ਵਿੱਚ ਉਹ 12ਮਈ ਨੂੰ ਪੰਜ ਕਿਲੋਮੀਟਰ ਪੈਦਲ ਯਾਤਰਾ ਕਰ ਰਿਹੈ ਉਹ ਸਾਥੀਆਂ ਸਮੇਤ। ਅਸਰ ਪਵੇ ਨਾ ਪਵੇ, ਉਹ ਬੁਰਾਈ ਦੇ ਖ਼ਾਤਮੇ ਲਈ ਵਚਨ ਬੱਧ ਹੈ।